# ਖੂਬੁ ਤੇਰੀ ਪਗਰੀ



ਗੁਰਚਰਨਜੀਤ ਸਿੰਘ ਲਾਂਬਾ

# ਖ਼ੂਬੁ ਤੇਰੀ ਪਗਰੀ

"ਹੋਇ ਸਿੱਖ ਸਿਰ ਟੋਪੀ ਧਰੇ" ਮੇਰੇ ਪਿਆਰੇ ਅਜ਼ੀਜ਼........,

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ॥*

ਸੋ ਅੱਜ ਤੂੰ ਆਪਣੇ ਸਿਰ ਤੋਂ 'ਗੁਰੂ ਦੀ ਦਸਤਾਰ' ਉਤਾਰ ਕੇ "ਟੂਪੀਆ" ਜਾਂ "ਟੋਪੀਧਾਰੀ" ਹੋ ਗਿਆ ਹੈ। ਗੁਰਮੁਖਤਾਈ, ਸਵੈ ਮਾਨ, ਖ਼ੁਦਮੁਖਤਾਰੀ ਦਾ ਚਿੰਨ੍ਹ ਉਤਾਰ ਕੇ ਮਨਮੁਖਤਾ, ਹੀਣਤਾ ਅਤੇ ਗੁਲਾਮੀ ਦਾ ਟੋਪਾ ਤੇਰੇ ਸਿਰ ਤੇ ਪੈ ਗਿਆ ਹੈ। ਤੇਰੇ ਸੀਸ ਤੇ ਸਜਾਈ ਹੋਈ ਇਹ ਪਗੜੀ, ਦੁਲਬੰਦ, ਇਮਾਮਾ, ਸਾਫ਼ਾ, ਸਿਰਪਾਉ, ਦੁਮਾਲਾ ਜੋ ਤੂੰ ਲਾਹ ਕੇ ਸੁੱਟ ਦਿੱਤਾ ਹੈ, ਦਰ-ਹਕੀਕਤ ਗੁਰੂ ਦੀ ਆਪਣੀ ਦਸਤਾਰ ਸੀ ਜੋ ਤੈਨੂੰ ਬਖਸ਼ਿਸ਼ ਸਰੂਪ ਪ੍ਰਾਪਤ ਹੋਈ ਸੀ। "*ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ॥*"(੬੩੧)। ਸੋ ਤੇਰਾ ਇਹ ਕਦਮ ਭਾਵੇਂ ਹੋਰ ਕੁਝ ਹੋਵੇ ਜਾਂ ਨਾਂ, ਪਰ ਯਕੀਨਨ ਤੌਰ ਤੇ ਗੁਰੂ ਤੋਂ ਬੇਮੁਖ ਹੋ ਕੇ ਕੇਸ ਕਤਲ ਕਰਵਾਣ ਵੱਲ ਇਕ ਬੜੀ ਵੱਡੀ ਛਲਾਂਗ ਹੈ। ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਜਿਸ ਕਿਸੇ ਨੇ ਵੀ ਕੇਸ ਕਟਵਾਏ ਹਨ ਉਸ ਦੀ ਸ਼ੁਰੂਆਤ ਜਾਂ ਆਗਾਜ਼ ਸਿਰ ਤੇ ਟੋਪੀ ਰਖਣ ਜਾਂ ਦਾੜ੍ਹੀ ਆ ਜਾਣ ਦੇ ਬਾਵਜੂਦ ਪਟਕੇ ਦੀ ਜਗ੍ਹਾ ਦਸਤਾਰ ਨਾ ਬੰਨਣ ਨਾਲ ਹੀ ਹੋਈ ਹੈ। ਕੇਸਾਂ ਦੀ ਨਿਰਾਦਰੀ ਕਰਣ ਦਾ ਇਹ ਇਕ ਸੁਖੇਨ ਤਰੀਕਾ ਹੈ ਕਿ ਕੇਸ ਰੱਖ ਲੈਣੇ ਪਰ ਉੱਤੇ ਟੋਪੀ ਪਾ ਲੈਣੀ। ਮੈਨੂੰ ਯਕੀਨ ਹੈ ਕਿ ਤੂੰ ਆਪਣੇ ਇਸ ਗਲਤ ਕਦਮ ਦੀ ਗੰਭੀਰਤਾ ਅਤੇ ਭਿਆਨਕਤਾ ਨੂੰ ਅਨਭਵ ਨਹੀਂ ਕਰ ਸਕਿਆ, ਜਿਸ ਕਾਰਣ ਜਾਣੇ ਜਾਂ ਅਨਜਾਣੇ ਵਿਚ ਤੂੰ ਇਕ ਐਸੀ ਭੁੱਲ ਅਤੇ ਗੁਨਾਹ ਦਾ ਮੁਰਤਕਿਬ ਅਤੇ ਦੋਸ਼ੀ ਹੋ ਗਿਆ ਹੈਂ ਜਿਸਦੀ ਤਲਾਫ਼ੀ ਜਾਂ ਦਰੁਸਤਗੀ ਛੇਤੀ ਕਰਕੇ ਨਹੀਂ ਹੋਣੀ। ਇੱਥੇ ਹੀ ਬਸ ਨਹੀਂ ਤੇਰੇ ਇਸ ਕਦਮ ਨੇ ਕੇਵਲ ਤੇਰੇ ਤੱਕ ਹੀ ਸੀਮਤ ਨਹੀ ਰਹਿਣਾ ਬਲਕਿ ਤੇਰੇ ਭਵਿੱਖ ਅਤੇ ਆਉਣ ਵਾਲੀਆਂ ਨਸਲਾਂ ਦੀ ਦਿਸ਼ਾ ਨਿਰਦੇਸ਼ ਕਰਣ ਦੇ ਨਾਲ ਨਾਲ ਤੇਰੇ ਨਿਸ਼ਾਨੇ ਅਤੇ ਮੰਜ਼ਲੇ ਮਕਸੂਦ ਨੂੰ ਵੀ ਤੈਅ ਕਰਨਾ ਹੈ। ਮੈਂ ਤੇਰੇ ਭਵਿੱਖ ਨੂੰ ਵੇਖ ਅਤੇ ਮਹਿਸੂਸ ਕਰਕੇ ਚਿੰਤਾਤੁਰ ਹਾਂ ਕਿ ਇਹ ਗੁਨਾਹ ਕਰਕੇ ਤੂੰ ਆਪ ਅਤੇ ਆਪਣੀ ਆਉਣ ਵਾਲੀ

ਨਸਲ ਦਾ ਨਾਤਾ ਕੇਵਲ ਇਕ ਅਕਾਲ ਨਾਲ ਜੁੜੇ 'ਅਬਿਨਾਸ਼ੀ' ਖਾਲਸੇ ਦੇ ਨਿਆਰੇਪਨ ਦੇ ਪੰਥਕ ਧੁਰੇ ਨਾਲੋਂ ਤੋੜ ਕੇ 'ਜਗਤ ਚੁਰਾਸੀ' ਵਿਚ ਸ਼ਾਮਲ ਕਰ ਲਏਂਗਾ। ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਦਾ ਬਚਨ ਯਾਦ ਰਖੀਂ ਕਿ ਜਿਹੜਾ ਟਾਹਣ ਦਰਖ਼ਤ ਨਾਲੋਂ ਟੁੱਟ ਜਾਂਦਾ ਹੈ ਉਸ ਨੇ ਸੁਕ ਸੜ ਜਾਣਾ ਹੈ "*ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥*" (੩੦੬) ਜੜ੍ਹ ਵਿਹੀਣ ਦਰਖ਼ਤ ਕਿੰਨੀ ਦੇਰ ਤਕ ਖੜਾ ਰਹਿ ਸਕੇਗਾ? ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਲਾਮੀ ਦੇ ਤਿੰਨ ਚਿੰਨ੍ਹ ਅੰਕਤ ਕੀਤੇ ਸਨ, "*ਅਭਾਖਿਆ ਕਾ ਕੁਠਾ ਬਕਰਾ ਖਾਣਾ*", "*ਮਲੇਛ ਭਾਖਿਆ ਗਹੀ*" ਅਤੇ "ਨੀਲ ਬਸਤ੍ਰ ਪਹਿਰ ਹੋਵੈ ਪ੍ਰਵਾਣ"। ਯਾਨਿ ਕਿ ਆਪਣੇ ਖਾਣ ਪਾਣ, ਆਪਣੀ ਬੋਲੀ ਅਤੇ ਆਪਣੇ ਪਹਿਰਾਵੇ ਤੇ ਵਕਤੀ ਹਾਕਮਾਂ ਦੇ ਹੁਕਮਾਂ ਨੂੰ ਪ੍ਰਵਾਨ ਕਰ ਲੈਣਾ। ਹਜ਼ੂਰ ਨੇ ਇਹਨਾਂ ਤਿੰਨਾਂ ਹੀ ਗੱਲਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਪਰ ਅੱਜ ਕੀ ਅਸੀਂ ਫ਼ਿਰ ਅਸੀਂ ਉਸੇ ਆਪ ਸਹੇੜੀ ਗੁਲਾਮੀ ਦੇ ਦਲਦਲ ਵਿਚ ਨਹੀਂ ਜਾ ਫ਼ੱਸੇ?

ਭਾਈ ਬੋਤਾ ਸਿੰਘ ਗਰਜਾ ਸਿੰਘ ਨੇ ਕੇਵਲ ਇਸ ਲਈ ਸ਼ਹਾਦਤ ਦੇ ਦਿੱਤੀ ਸੀ ਕਿ ਸਰਕਾਰ ਨੇ ਮੁਨਾਦੀ ਕਰਵਾ ਕੇ ਇਹ ਪਰਚਾਰ ਅਰੰਭ ਦਿੱਤਾ ਸੀ ਕਿ ਸਿੱਖ ਖ਼ਤਮ ਹੋ ਗਏ ਹਨ। ਖ਼ਤਮ ਹੋ ਜਾਣ ਨਾਲੋਂ ਖ਼ਤਮ ਹੋ ਜਾਣ ਦਾ ਪਰਚਾਰ ਜ਼ਿਆਦਾ ਨੁਕਸਾਨਦੇਹ ਸਾਬਤ ਹੁੰਦਾ ਹੈ। ਇਸ ਤੋਂ ਵੀ ਵੱਧ ਚਿੰਤਾ ਦਾ ਵਿਸ਼ਾ ਇਹ ਹੈ ਕਿ ਤੂੰ ਇਸ ਬਾਰੇ ਚਿੰਤਤ ਵੀ ਨਹੀਂ ਹੈਂ। ਇਸ ਹਾਲਤ ਦਾ ਖੁਲਾਸਾ ਮਸ਼ਹੂਰ ਸ਼ਾਇਰ ਅਕਬਰ ਅਲਾਹਬਾਦੀ ਦੇ ਲਫ਼ਜ਼ਾਂ ਵਿਚ ਬਿਆਨ ਕੀਤਾ ਜਾ ਸਕਦਾ ਹੈ;

ਜੋ ਬਾਤ ਮੁਨਾਸਿਬ ਹੈ ਉਸੇ ਹਾਸਿਲ ਨਹੀਂ ਕਰਤੇ।
ਜੋ ਅਪਨੀ ਗਿਰਹ ਮੇਂ ਹੈ ਉਸੇ ਖੋ ਭੀ ਰਹੇ ਹੈਂ।
ਬੇ-ਇਲਮ ਭੀ ਹਮ ਲੋਗ ਹੈਂ, ਗ਼ਫ਼ਲਤ ਭੀ ਹੈ ਤਾਰੀ।
ਅਫ਼ਸੋਸ ਕਿ ਅੰਧੇ ਭੀ ਹੈਂ ਔਰ ਸੋ ਭੀ ਰਹੇ ਹੈਂ।

ਜੇਕਰ ਤੂੰ ਇਸ ਇਲਾਹੀ ਦਸਤਾਰ ਦਾ ਇਤਿਹਾਸ, ਪਿਛੋਕੜ, ਮਹੱਤਤਾ ਅਤੇ ਕੀਮਤ ਜਾਣਦਾ ਜਾਂ ਇਸ ਰੱਬੀ ਦਸਤਾਰ ਦੀ ਖ਼ਾਤਰ ਕੀਤੀਆਂ ਮਹਾਨ ਕੁਰਬਾਨੀਆਂ ਬਾਰੇ ਸੋਚਦਾ ਤਾਂ ਨਿਸਚੇ ਹੀ ਇਹ ਕੁਤਾਹੀ ਕਰਣ ਦਾ ਗੁਨਾਹਗਾਰ ਕਦੀ ਵੀ ਨਾ ਬਣਦਾ। ਐ ਮੇਰੇ 'ਹਮ-ਮਜ਼ਾਹਿਬ' ਗੁਰਭਾਈ! ਤੇਰੇ ਸਿਰ ਤੇ ਸਜਾਈ ਹੋਈ ਇਹ ਗੁਰਮੁਖੀ ਦਸਤਾਰ ਕੇਵਲ ਕਪੜੇ ਦਾ ਇਕ ਟੁਕੜਾ ਵੀ ਨਹੀਂ ਹੈ ਅਤੇ ਨਾਂ ਹੀ ਇਸਦਾ ਮਕਸਦ ਕੇਵਲ

ਸਿਰ ਢੱਕਣਾ ਹੀ ਹੈ। ਦਸਤਾਰ ਬੰਨੀ ਨਹੀਂ ਜਾਂਦੀ, ਇਹ ਤਾਂ ਸਜਾਣੀ ਪੈਂਦੀ ਹੈ। ਖਾਲਸਾ ਲੰਗਰ, ਦੀਵਾਨ, ਦਸਤਾਰ ਸਜਾਂਦਾ ਹੈ। ਕਿਉਂ ਕਲਗੀਧਰ ਪਿਤਾ ਨੇ ਵੀ ਇਹ *'ਹੁਸਨਲ ਜਮਾਲ'* ਅਤੇ *'ਸੁੰਦਰ ਸਰੂਪ'* ਗੁਰੂ ਰੂਪ ਖਾਲਸਾ ਖਾਲਸਾ ਸਜਾਇਆ ਹੈ। ਅਤੇ ਹੋਵੇ ਵੀ ਕਿਉਂ ਨਾ, ਵਾਹਿਗੁਰੂ ਨੇ ਵੀ ਖੁਦ ਆਪਣੇ ਆਪ ਕਿਉਂ ਨੂੰ ਸਾਜਿਆ ਹੈ ਅਤੇ ਫਿਰ ਇਹ ਕੁਦਰਤ ਸਜਾਈ ਹੈ। *"ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥"* (੪੬੪) ਪ੍ਰੋ. ਪੂਰਨ ਸਿੰਘ ਦੇ ਸ਼ਬਦ ਬੜੇ ਹੀ ਪਿਆਰੇ ਅਤੇ ਭਾਵ ਪੂਰਤ ਹਨ ਕਿ ਇਸ ਸਰੀਰ ਵਿਚ ਵਾਹਿਗੁਰੂ ਜੀ ਦੀ ਜੋਤਿ ਹੈ ਸੋ ਇਹ ਸਰੀਰ ਵੀ ਰਜਿਆ, ਕਜਿਆ ਅਤੇ ਸਜਿਆ ਰਹਿਣਾ ਚਾਹੀਦਾ ਹੈ। ਧਰਮੀ ਬਣਨ ਲਈ ਸਮਾਂ ਲਗਦਾ ਹੈ ਪਰ ਗੁਰੂ ਨੂੰ ਬੇਦਾਵਾ ਦੇਣ ਲਈ, ਉਸ ਤੋਂ ਬੇਮੁਖ ਹੋਣ ਲਈ, ਪਤਿਤ ਜਾਂ ਅਧਰਮੀ ਬਣਨ ਲਈ ਤਾਂ ਇਕ ਮਿੰਟ ਦਾ ਸਮਾਂ ਵੀ ਨਹੀਂ ਲਗਦਾ। ਦਸਤਾਰ ਤੋਂ ਟੋਪੀ ਦਾ ਸਫਰ ਗੁਰਮੁਖ ਗਾਡੀ ਰਾਹ ਤੋਂ ਮਨਮੁਖਤਾ ਦਾ ਸਫਰ ਹੈ।

ਇਹ ਰੱਬੀ ਦਸਤਾਰ ਤਾਂ ਅਕਾਲ ਪੁਰਖ ਵਲੋਂ ਗੁਰੂ ਨਾਨਕ ਸਾਹਿਬ ਨੂੰ ਬਖ਼ਸ਼ਿਸ਼ ਹੋਈ ਅਤੇ ਬਾਕੀ ਗੁਰੂ ਸਾਹਿਬਾਨ ਤੋਂ ਹੁੰਦੇ ਹੋਏ ਤੇਰੇ ਤਕ ਪਹੁੰਚੀ ਹੈ। ਨਫ਼ਸ-ਅੰਮਾਰਾ, ਨਫ਼ਸ-ਲੱਵਾਮਾ ਅਤੇ ਨਫ਼ਸ-ਮੁਤਮੱਈਨਾ ਯਾਨਿ ਕਿ ਪਸ਼ੂ ਬਿਰਤੀ, ਮਨੁੱਖਾ ਬਿਰਤੀ ਅਤੇ ਦੇਵ ਬਿਰਤੀ ਤਿੰਨ ਅਵਸਥਾਵਾਂ ਇਨਸਾਨ ਦੀਆਂ ਵਿਦਵਾਨਾਂ ਨੇ ਮੰਨੀਆਂ ਹਨ। ਗੁਰੂ ਸਾਹਿਬ ਵੀ ਸਾਡੇ ਵਰਗੇ ਪਸ਼ੂਆਂ ਨੂੰ ਇਨਸਾਨ ਹੀ ਨਹੀਂ ਬਲਕਿ ਦੇਵਤੇ ਬਣਾਉਣ ਦੀ ਲੋਚਾ ਅਤੇ ਨਿਸ਼ਾਨੇ ਨਾਲ ਇਸ ਮਾਤ ਲੋਕ ਵਿਚ ਆਏ ਸਨ। *"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ" ॥੧॥* (੪੬੩) ਅਸੀਂ ਉਸ ਗੁਰੂ ਤੋਂ ਬਲਿਹਾਰ ਜਾਈਏ ਜੋ ਸਾਡੇ ਵਰਗਿਆਂ ਨੂੰ ਆਪਣੇ ਵਰਗਾ ਬਣਾਉਣ ਦੀ ਲੋਚਾ ਲੈ ਕੇ ਇਸ ਮਾਤ ਲੋਕ ਵਿਚ ਆਇਆ। ਉਹ ਰੂਹਾਨੀ ਛੇੜੂ ਤਾਂ ਇਸ ਬੇਲੇ ਵਿਚ ਵੰਝਲੀ ਲਈ ਤਿਆਰ ਖੜਾ ਹੈ, ਲੋੜ ਹੈ ਅਸੀਂ ਗੁਰੂ ਕੀਆਂ ਮੱਝੀਆਂ ਬਣਨ ਲਈ ਤਿਆਰ ਹੋ ਜਾਈਏ।

ਤੇਰੇ ਭੂਤ, ਮਾਜ਼ੀ ਅਤੇ ਭਵਿੱਖ, ਮੁਸਤਕਬਿਲ ਨੂੰ ਸਾਹਮਣੇ ਰਖ ਕੇ ਇਸ ਬਾਰੇ ਤੇਰੇ ਨਾਲ ਕੁਝ ਵਿਚਾਰ ਸਾਂਝੇ ਕਰਨੇ ਚਾਹੁੰਦਾ ਹਾਂ। ਮਰਜ਼ੀ ਤੂੰ ਭਾਵੇਂ ਆਪਣੀ ਕਰੀਂ ਪਰ ਜੇ ਹੋ ਸਕੇ ਤਾਂ ਇਸ ਵੇਦਨਾ ਨੂੰ ਪੜ੍ਹਨ ਦੀ ਤਕਲੀਫ ਜ਼ਰੂਰ ਕਰੀਂ।

*'ਜੋਤਿ ਰੂਪਿ ਹਰਿ ਆਪਿ'* (੧੪੦੮) ਸਾਹਿਬ ਸ੍ਰੀ ਗੁਰੂ ਨਾਨਕ

ਦੇਵ ਜੀ ਮਹਾਰਾਜ ਆਪਣੇ ਮੁਬਾਰਕ ਮੁਖ ਤੋਂ ਧੁਰ ਕੀ ਬਾਣੀ ਰਾਹੀਂ ਬਿਆਨ ਕਰਦੇ ਹਨ ਕਿ ਕਰਤਾ ਪੁਰਖ ਨੇ ਮੈਨੂੰ ਆਪਣੇ ਦਰ ਦਾ ਢਾਡੀ ਜਾਣਕੇ ਆਪਣੇ ਮਹਲ ਬੁਲਾਇਆ;

*ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ ॥*
*ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ ॥*
*ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥*
*ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ ॥੯॥*
(ਗੁਰੂ ਗ੍ਰੰਥ ਸਾਹਿਬ, ਪੰਨਾ: ੧੦੯੭)

ਜੇ ਕਰ *'ਦਵੈ ਤੇ ਏਕ ਰੂਪ ਹੋਏ ਗਯੋ'* ਦੇ ਗੁਰਵਾਕ ਅਨੁਸਾਰ ਕਿਸੇ ਰੱਬੀ ਜੋਤ ਨਾਲ ਸਰਾਬੋਰ ਹੋਈ ਰੂਹ ਦੀ ਪਰਤੱਖ ਮੁਲਾਕਾਤ ਕਰਤਾ ਪੁਰਖ ਨਾਲ ਹੋਈ *"ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥"* (੬੮੬) "ਜੋਤੀ ਜੋਤਿ ਰਲੀ" ਵਾਲੀ ਸੰਪੂਰਨਤਾ ਦੀ ਇਸ ਅਵਸਥਾ ਦਾ ਥੋੜਾ ਜਿਹਾ ਇਸ਼ਾਰਤਨ ਜ਼ਿਕਰ ਭਾਈ ਗੁਰਦਾਸ ਜੀ ਆਪਣੇ ਕਬਿੱਤ ਵਿਚ ਇਸ ਤਰ੍ਹਾਂ ਕਰਦੇ ਹਨ;

*ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ*
*ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ ।*
*ਸੁਰਤਿ ਮੈ ਨ ਸੁਰਤਿ ਅਉ ਧਿਆਨ ਮੈ ਨ ਧਿਆਨੁ ਰਹਿਓ*
*ਗਿਆਨ ਮੈ ਨ ਗਿਆਨ ਰਹਿਓ ਗਤਿ ਮੈ ਨ ਗਤਿ ਹੈ ।*
*ਧੀਰਜੁ ਕੋ ਧੀਰਜੁ ਗਰਬ ਕੋ ਗਰਬੁ ਗਇਓ*
*ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਮੈ ॥*
*ਅਦਭੁਤ ਪਰਮਦ ਭੁਤ ਬਿਸਮੈ ਬਿਸਮ*
*ਅਸ੍ਚਰਜੈ ਅਸਚਰਜ ਅਤਿ ਅਤਿ ਮੈ ॥੯॥*

ਗੁਰੂ ਨਾਨਕ ਸਾਹਿਬ ਅਕਾਲ ਪੁਰਖ ਨਹੀਂ ਸਨ ਪਰ ਅਕਾਲ ਦਾ ਰੂਪ ਸਨ। *"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਰਵਰਿਯਉ ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥" (੧੩੯੫)* ਸੋ ਗੁਰੂ ਨਾਨਕ ਪਾਤਿਸ਼ਾਹ ਦੀ ਇਸ ਮੁਲਾਕਾਤ ਨੂੰ ਭਾਈ ਗੁਰਦਾਸ ਜੀ ਨੇ ਵੀ ਅੰਕਤ ਕੀਤਾ ਹੈ, **"ਬਾਬਾ** *ਪੈਧਾ ਸਚ ਖੰਡ ਨਉ ਨਿਧਿ ਨਾਮ ਗਰੀਬੀ ਪਾਈ॥"* ਚੋਜੀ ਪਿਤਾ ਦੀ ਅਕਾਲ ਪੁਰਖ ਨਾਲ ਹੋਈ ਇਸ ਚਮਤਕਾਰੀ ਮੁਲਾਕਾਤ ਬਾਰੇ ਕਿਰਪਾ ਕਰਦੇ ਹਨ ਕਿ ਕਰਤਾ ਪੁਰਖ ਨੇ ਤਰੁੱਠ ਕੇ ਉਹਨਾਂ ਨੂੰ ਇਸ ਦਸਤਾਰ, ਸਿਰਪਾਉ ਦਾ ਇਹ ਰੂਹਾਨੀ ਕੱਪੜਾ ਬਖ਼ਸ਼ਿਸ਼ ਕੀਤਾ;

*ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥*
(ਗੁਰੂ ਗ੍ਰੰਥ ਸਾਹਿਬ, ਪੰਨਾ: ੧੫੧)

ਸਾਹਿਬਾਂ ਨੇ ਵਾਹਿਗੁਰੂ ਦੀ ਇਸ ਰਹਿਮਤ ਬਾਰੇ ਇਕ ਥਾਂ ਹੋਰ ਫ਼ਰਮਾਇਆ ਹੈ;

*ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥*
*ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥...*
*ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ ॥*
*ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ*
( ਗੁਰੂ ਗ੍ਰੰਥ ਸਾਹਿਬ, ਪੰਨਾ: ੬੩੧)

ਹੋਰ ਵਿਸਥਾਰ ਸਹਿਤ ਵਿਚਾਰ ਆਰੰਭ ਕਰਣ ਤੋਂ ਪਹਿਲਾਂ 'ਸੇਲੀ ਟੋਪੀ' ਦੇ ਹਵਾਲੇ ਨਾਲ ਇਕ ਪ੍ਰਚਲਤ ਬਹੁਤ ਵੱਡਾ ਭੁਲੇਖਾ ਦੂਰ ਕਰ ਦੇਣਾ ਲਾਜ਼ਮੀ ਹੈ ਕਿ ਕੀ ਗੁਰੂ ਨਾਨਕ ਸਾਹਿਬ ਵੀ ਟੋਪੀ ਪਾਂਦੇ ਸਨ? ਸੇਲੀ ਟੋਪੀ ਵਾਲੇ ਇਸ ਸਵਾਲ ਦਾ ਜਵਾਬ ਵੀ ਹਜ਼ੂਰ ਦੀ ਆਪਣੇ ਮੁਖਾਰ ਬਿੰਦ ਤੋਂ ਉਚਰੀ ਧੁਰ ਕੀ ਬਾਣੀ ਰਾਹੀਂ ਦੇਣਾ ਹੀ ਮੁਨਾਸਬ ਹੋਵੇਗਾ। ਅਵੱਲ ਤਾਂ ਸੇਲੀ ਟੋਪੀ ਨਾਮ ਦੀ ਕੋਈ ਚੀਜ਼ ਹੀ ਨਹੀਂ ਹੈ। ਸੇਲੀ ਅਤੇ ਟੋਪੀ ਦੋ ਵੱਖ ਵੱਖ ਵਸਤੂਆਂ ਦੇ ਨਾਮ ਹਨ। ਦਸਮ ਗ੍ਰੰਥ ਦੀ ਰਚਨਾ ਕ੍ਰਿਸ਼ਨਾਵਤਾਰ ਵਿਚ ਵੀ ਅੰਕਤ ਹੈ, ਮੈਂ ਆਪਣੇ ਗਲੇ ਵਿਚ ਸੇਲੀ ਪਾਵਾਂਗੀ ***"ਸੇਲੀ ਡਰੈਗੀ ਗਰੈ ਅਪੁਨੇ*** ........." (ਦ. ਗ੍ਰ. ਕ੍ਰਿ: ੮੦੭-੧)। ਸੇਲੀ ਪਵਿੱਤਰਤਾ, ਵੈਰਾਗ, ਉਦਾਸ ਅਤੇ ਅਧਿਆਤਮਕਤਾ ਦਾ ਚਿੰਨ੍ਹ ਹੈ। ਇਹ ਉਨ ਜਾਂ ਰੇਸ਼ਮ ਦੀ ਸਿਆਹ ਅਥਵਾ ਸਫ਼ੇਦ ਰੰਗ ਦੀ ਮਾਲਾ ਹੁੰਦੀ ਹੈ। ਇਸ ਨੂੰ ਆਮ ਤੌਰ ਤੇ ਉਦਾਸੀ ਅਤੇ ਸਾਧੂ ਆਦਿ ਜਨੇਊ ਦੀ ਤਰ੍ਹਾਂ ਖੱਬੇ ਮੋਢੇ ਤੋਂ ਸੱਜੀ ਵੱਖੀ ਵਾਲੇ ਪਾਸੇ ਪਹਿਨਦੇ ਸਨ ਅਤੇ ਜਾਂ ਫ਼ਿਰ ਸਿਰ ਤੇ ਪਗੜੀ ਅਥਵਾ ਟੋਪੀ ਦੇ ਉਤੇ ਲਪੇਟ ਲੈਂਦੇ ਸਨ। ਇਸੇ ਤਰ੍ਹਾਂ ਟੋਪੀ ਵੀ ਸੰਸਾਰ ਤੋਂ ਸਬੰਧ ਵਿਛੇਦ ਦਾ ਇਕ ਚਿੰਨ੍ਹ ਸੀ ਅਤੇ ਜੋਗੀਆਂ ਦਾ ਪ੍ਰਚਲਤ ਪਹਿਰਾਵਾ ਸੀ।ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿਚ ਸੇਲੀ ਦੀ ਵਿਆਖਿਆ ਇਸ ਪ੍ਰਕਾਰ ਕਰਦੇ ਹਨ।

"ਸੇਲੀ (ਵੈਰਾਗ ਅਤੇ ਤਯਾਗ ਦਾ ਚਿੰਨ੍ਹ ਹੈ) ਸਿਆਹ ਉੰਨ ਅਥਵਾ ਰੇਸ਼ਮ ਦੀ ਗੁੰਦਵੀਂ ਇੱਕ ਰੱਸੀ, ਜਿਸ ਨੂੰ ਫਕੀਰ ਸਿਰ ਉਪਰ ਸਾਫੇ ਅਥਵਾ ਟੋਪੀ ਤੇ ਬੰਨਦੇ ਹਨ, ਜਾਂ ਜਨੇਊ ਦੀ ਤਰ੍ਹਾਂ ਗਲ ਪਹਿਰਦੇ ਹਨ. ਗੁਰੂ ਨਾਨਕ ਦੇਵ ਦੀ ਸੰਪ੍ਰਦਾਯ ਵਿੱਚ ਇਸ ਦੇ ਪਹਿਰਣ ਦੀ ਸ਼ੈਲੀ (ਰੀਤਿ) ਗੁਰੂ ਅਰਜਨ ਦੇਵ ਤੀਕ ਰਹੀ। ਸ੍ਰੀ

ਗੁਰੂ ਹਰਿਗੋਬਿੰਦ ਸਾਹਿਬ ਨੇ ਤਖਤ ਤੇ ਬੈਠਣ ਸਮੇਂ ਸੇਲੀ ਨੂੰ ਤੋਸ਼ੇਖਾਨੇ ਰੱਖਕੇ ਉਸ ਦੀ ਥਾਂ ਖੜਗ ਪਹਿਨਿਆ।"

ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ "*ਕਰਣੀ ਬਾਝਹੁ ਤਰੈ ਨ ਕੋਇ ॥*" (੯੫੨) ਕਹਿ ਕੇ ਪੰਡਤ ਸਦਾਉਂਦੇ ਬ੍ਰਾਹਮਣ ਨੂੰ ਸੱਤ, ਸੰਜਮ, ਦਯਾ, ਸੰਤੋਖ ਆਦਿ ਦੇ ਗੁਣਾ ਨਾਲ ਭਰਪੂਰ ਜਨੇਊ ਬਾਰੇ ਦੱਸ ਕੇ ਧਾਗੇ ਦਾ ਜੰਞੂ ਪਾਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ;

*ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤੁ ਜਨੇਊ ਪੜਿ ਗਲਿ ਪਾਵੈ ॥*
*ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥*
(ਗੁਰੂ ਗ੍ਰੰਥ ਸਾਹਿਬ ਪੰਨਾ : ੯੫੨)

ਸੋ ਜਿਸ ਤਰ੍ਹਾਂ ਗੁਰੂ ਜੀ ਨੇ "*ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥*" (੪੭੧) ਵਾਲਾ ਜਨੇਊ ਪਾਉਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ "*ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ॥*" (੩੫੫) ਅਤੇ ਇਸ ਦੀ ਥਾਵੇਂ ਪੰਡਤ ਨੂੰ ਸੱਤ, ਸੰਜਮ, ਦਯਾ, ਸੰਤੋਖ ਆਦਿ ਦੇ ਗੁਣਾ ਨਾਲ ਭਰਪੂਰ ਜਨੇਊ ਬਾਰੇ ਦਸ ਕੇ ਹੁਕਮ ਕੀਤਾ ਕਿ "*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*" ਇਸ ਦੇ ਨਾਲ ਹੀ ਸੱਚੇ ਪਾਤਸ਼ਾਹ ਨੇ ਆਸਾ ਰਾਗ ਵਿਚ ਹੁਕਮ ਕੀਤਾ ਕਿ;

*ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥*
*ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥*
*ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥*
(ਗੁਰੂ ਗ੍ਰੰਥ ਸਾਹਿਬ, ਪੰਨਾ: ੩੫੫)

ਇਸ ਰੱਬੀ ਸ਼ਹਾਦਤ, ਗਵਾਹੀ ਦੇ ਬਾਵਜੂਦ ਜੇ ਕਰ ਕੋਈ ਇਹ ਪ੍ਰਚਾਰ ਕਰਣ ਦਾ ਹੱਠ ਕਰੇ ਕਿ ਗੁਰੂ ਨਾਨਕ ਸਾਹਿਬ ਜਾਂ ਗੁਰਮਤਿ ਜਨੇਊ ਪਾਉਣ ਜਾਂ ਧਾਗੇ ਤਵੀਤਾਂ ਜਾਂ ਮੌਲੀ ਆਦਿ ਦੀ ਆਗਿਆ ਦਿੰਦੀ ਹੈ ਤਾਂ ਉਸ 'ਮੰਦ ਅਕਲ' 'ਅਕਲ ਮੰਦ' ਬਾਰੇ ਕੀ ਕਿਹਾ ਜਾ ਸਕਦਾ ਹੈ। ਬਿਲਕੁਲ ਇਸੇ ਤਰ੍ਹਾਂ ਉਸ ਸਮੇਂ ਜੋਗੀ ਅਤੇ ਸੰਨਿਆਸੀ ਤਿਆਗ ਅਤੇ ਵੈਰਾਗ ਦੀ ਨਿਸ਼ਾਨੀ ਸਿਰ ਤੇ ਟੋਪੀ ਧਾਰਣ ਕੀਤਾ ਕਰਦੇ ਸਨ ਅਤੇ ਭਿਖਿਆ ਮੰਗਣ ਲਈ ਕਾਸਾ, ਸਾਧਨਾ ਲਈ ਇਕ ਚਟਾਈ ਅਤੇ ਸਿਰ ਤੇ ਕਫਨੀ ਜਾਂ ਟੋਪੀ ਪਾਂਦੇ ਸਨ ਅਤੇ ਤੇੜ ਲੰਗੋਟੀ ਬੰਨਦੇ ਸਨ। ਸਾਹਿਬਾਂ ਨੇ ਟੋਪੀ ਜਾਂ ਹੋਰ ਜੋਗ ਦੇ ਅਡੰਬਰ ਵਾਲੇ ਬਸਤ੍ਰਾਂ ਆਦਿ ਨੂੰ ਸਪਸ਼ਟ ਤੌਰ ਤੇ ਰੱਦ ਕਰਦਿਆਂ ਇਹਨਾਂ ਦੀ ਥਾਵੇਂ

ਵਾਹਿਗੁਰੂ ਨਾਲ ਸੱਚੇ ਜੋਗ ਕਰਣ ਲਈ ਰਾਮਕਲੀ ਰਾਗ ਵਿਚ ਜੋਗੀ ਨੂੰ ਉਪਦੇਸ਼ ਦਿੱਤਾ ਕਿ ਐ ਜੋਗੀ ਤੂੰ ਆਪਣੀ ਸੁਰਤ ਵਿਚ ਵੈਰਾਗ ਪੈਦਾ ਕਰਕੇ ਇਸਨੂੰ ਕਾਸਾ ਬਣਾ ਲੈ ਅਤੇ ਪੰਜ ਤੱਤਾਂ ਦਾ ਉਪਦੇਸ਼ ਹੀ ਤੇਰੀ ਟੋਪੀ ਬਣ ਜਾਏ। ਤੇਰਾ ਸਰੀਰ ਸਿਮਰਨ ਕਰਨ ਦੀ ਚਟਾਈ ਬਣ ਜਾਏ ਅਤੇ ਤੇਰਾ ਮਨ ਹੀ ਤੇਰੀ ਲੰਗੋਟੀ। ਆਪ ਜੀ ਦੇ ਪਾਵਨ ਬਚਨ ਹਨ,

*ਊਂਧਉ ਖਪਰੁ ਪੰਚ ਭੂ ਟੋਪੀ ॥ ਕਾਂਇਆ ਕੜਾਸਣੁ ਮਨੁ ਜਾਗੋਟੀ ॥*
*ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ*
(ਗੁਰੂ ਗ੍ਰੰਥ ਸਾਹਿਬ ਪੰਨਾ: ੯੩੯)

ਸੋ ਇਹ ਕਹਿਣਾ ਕਿ ਗੁਰੂ ਨਾਨਕ ਪਾਤਸ਼ਾਹ ਵੀ ਟੋਪੀ ਪਾਂਦੇ ਸਨ ਬਾਬਾ ਜੀ ਦੇ ਆਪਣੇ ਮੁਖਾਰ ਬਿੰਦ ਤੋਂ ਰਚੀ ਬਾਣੀ ਦੀ ਕਸਵੱਟੀ ਦੇ ਉਲਟ ਹੈ ਅਤੇ ਹਜ਼ੂਰ ਦੀ ਨਿਰਾਦਰੀ ਹੈ।

ਕਰਤਾ ਪੁਰਖ ਨੇ ਇਹ ਅਦੁੱਤੀ ਦਾਤ ਸਾਹਿਬਾਂ ਨੇ ਸੀਸ ਤੇ ਸਜਾ ਦਿੱਤੀ। ਸੋ ਇਹ ਦਸਤਾਰ ਤਾਂ 'ਗੁਰ ਪ੍ਰਸਾਦਿ॥' ਹੈ। ਉਪਰੰਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਆਪਣੀ ਜੋਤ ਅਤੇ ਜੁਗਤਿ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਸੌਂਪੀ ਤਾਂ ਫ਼ਿਰ ਵਾਹਿਗੁਰੂ ਤੋਂ ਪ੍ਰਾਪਤ ਹੋਈ ਇਹ ਦਸਤਾਰ, ਸਿਰਪਾਉ ਸੌਂਪ ਦਿੱਤਾ ਆਪਣੇ ਨੂਰਾਨੀ ਵਾਰਿਸ ਅਤੇ ਭਾਈ ਲਹਿਣੇ ਤੋਂ ਅੰਗ ਸੰਗ ਕੀਤੇ ਜਗਤ ਤਾਰਕ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ। *"ਨਾਨਕ ਕੁਲਿ ਨਿੰਮਲੁ ਅਵਤਰਿੑਉ ਅੰਗਦ ਲਹਣੇ ਸੰਗਿ ਹੁਅ ॥"* (੧੩੯੫) ਗੁਰੂ ਅੰਗਦ ਦੇਵ ਜੀ ਦੀ ਦੁਨਿਆਵੀ ਕੁਲ ਗੁਰੂ ਨਾਨਕ ਸਾਹਿਬ ਦੀ ਕੁਲ ਤੋਂ ਵਖਰੀ ਸੀ ਪਰ ਗੁਰੂ ਗ੍ਰੰਥ ਸਾਹਿਬ ਜੀ ਨੇ ਗਵਾਹੀ ਦਿੱਤੀ ਹੈ ਕਿ ਅਕੁਲ ਨਿਰੰਜਨ ਦੇ ਉਪਾਸ਼ਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਦੇ ਵਿਚ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਹੋਇਆ।

ਗੁਰੂ ਅੰਗਦ ਦੇਵ ਜੀ ਮਹਾਰਾਜ ਆਪਣੇ ਅਨਿੰਨ ਸੇਵਕ ਬਾਬਾ ਅਮਰ ਦਾਸ ਜੀ ਦੀ ਸਾਰੇ ਸਾਲ ਦੀ ਅਪਾਰ ਅਤੇ ਅਗਾਧ ਸੇਵਾ ਤੋਂ ਪ੍ਰਸੰਨ ਹੋ ਕੇ ਹਰ ਸਾਲ ਇਕ ਸਿਰਪਾਉ ਭਾਵੀ ਗੁਰੂ ਅਮਰ ਦਾਸ ਜੀ ਨੂੰ ਬਖਸ਼ ਦਿੰਦੇ ਸਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਾਬਾ ਅਮਰ ਦਾਸ ਜੀ ਪੂਰੇ ਸਤਿਕਾਰ ਅਤੇ ਸ਼ਰਧਾ ਨਾਲ ਉਹ ਸਿਰਪਾਉ ਆਪਣੇ ਸਿਰ ਤੇ ਸਜਾ ਲੈਂਦੇ ਸਨ। ਇਸ ਤਰ੍ਹਾਂ ਬਾਰਾਂ ਸਾਲ ਦੀ ਅਣਥਕ ਸੇਵਾ ਦਾ ਸੇਵਾ ਫ਼ਲ ਬਾਰਾਂ ਦਸਤਾਰ ਆਪ ਜੀ ਨੂੰ ਪ੍ਰਾਪਤ ਹੋਈਆਂ। *"ਜੀਅਹੁ ਨਿਰਮਲ ਬਾਹਰਹੁ ਨਿਰਮਲ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥"* (੯੧੯)

ਦਾ ਉਪਦੇਸ਼ ਦੇਣ ਵਾਲੇ ਗੁਰੂ ਅਮਰਦਾਸ ਪਾਤਸ਼ਾਹ ਇਹਨਾਂ ਦਸਤਾਰਾਂ ਦੀ ਅਮਲੀ ਸਾਂਭ ਕਿਸ ਪਿਆਰ ਅਤੇ ਸਤਿਕਾਰ ਨਾਲ ਕਰਦੇ ਸਨ ਇਹ ਸਹਿਜੇ ਹੀ ਅਨੁਮਾਨੀ ਜਾ ਸਕਦੀ ਹੈ। ਉਪਰੰਤ ਗੁਰੂ ਅਮਰਦਾਸ ਸੱਚੇ ਪਾਤਸ਼ਾਹ ਜੀ ਦੀ ਘਾਲਣਾ ਥਾਇ ਪਈ ਅਤੇ ਆਖਰ ਤੇਰਵੀਂ ਦਸਤਾਰ ਗੁਰਿਆਈ ਦੀ ਪੱਗ ਵੀ ਆਪ ਜੀ ਨੂੰ ਪ੍ਰਾਪਤ ਹੋਈ। "*ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥*" (੧੪੦੧)

ਇਹ ਰੂਹਾਨੀ ਸਿਲਸਿਲਾ ਅੱਗੇ ਤੁਰਦਾ ਰਿਹਾ ਅਤੇ ਗੁਰੂ ਅਮਰ ਦਾਸ ਜੀ ਦੀ ਇਹ ਵਿਰਾਸਤ ਦੀ ਪੱਗ ਗੁਰੂ ਰਾਮ ਦਾਸ ਜੀ ਮਹਾਰਾਜ ਨੂੰ ਪ੍ਰਾਪਤ ਹੋਈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗਵਾਹੀ ਹੈ,

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥*
*ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥*
*ਲਹਣੈ ਪੰਥੁ ਧਰਮ ਕਾ ਕੀਆ ॥*
*ਅਮਰਦਾਸ ਭਲੇ ਕਉ ਦੀਆ ॥*
*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਹਉ ॥*
*ਹਰਿ ਕਾ ਨਾਮੁ ਅਖੈ ਨਿਧਿ ਅਪ੍ਹਉ ॥*
(ਗੁਰੂ ਗ੍ਰੰਥ ਸਾਹਿਬ, ਪੰਨਾ: ੧੪੦੧)

ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਰਸਮ ਦਸਤਾਰ ਬੰਦੀ ਤੇ ਉਹਨਾਂ ਦੇ ਪਰਿਵਾਰਕ ਵਾਰਸ ਹੋਣ ਦੀ ਪੱਗ ਵੱਡੇ ਪੁੱਤਰ ਬਾਬਾ ਪ੍ਰਿਥੀ ਚੰਦ ਨੂੰ ਦਿੱਤੀ ਗਈ ਪਰ ਗੁਰਿਆਈ ਦੀ ਦਸਤਾਰ ਇਸਦੇ ਅਸਲ ਵਾਰਸ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਬੰਨੀ ਗਈ।

*ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥*
*ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥*
(ਗੁਰੂ ਗ੍ਰੰਥ ਸਾਹਿਬ, ਪੰਨਾ: ੧੪੦੭)

ਇਸ ਦਸਤਾਰ ਦੀ ਪ੍ਰਾਪਤੀ ਬਾਰੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਿਰੀ ਰਾਗ ਵਿਚ ਸਪਸ਼ਟ ਗਵਾਹੀ ਦਿੰਦੇ ਹਨ ਕਿ ਜਗਤ ਜਲੰਦੇ ਨੂੰ ਤੁਸ਼ਤ ਕਰ ਰਹੇ ਪੰਜ ਬਲੀ ਚੋਰਾਂ, ਤਸਕਰਾਂ ਦੇ ਮੁਕਾਬਿਲ ਮੈਂ ਤਾਂ ਅਕਾਲ ਪੁਰਖ ਦਾ ਇਕ ਭਲਵਾਨ ਹਾਂ ਅਤੇ ਮੇਰੇ ਸਿਰ ਤੇ ਬੰਨਿਆ ਇਹ ਦੁਮਾਲਾ, ਦਸਤਾਰ ਮੇਰੇ ਮਾਲਕ ਕਰਤਾ ਪੁਰਖ ਨੇ ਆਪ ਬਖਸ਼ਿਸ਼ ਕਰਕੇ ਦਿੱਤਾ ਹੈ।

*ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥*
*ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥੧੭॥*
*ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥*
*ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥*
(ਗੁਰੂ ਗ੍ਰੰਥ ਸਾਹਿਬ ਪੰਨਾ : ੭੪)

ਗੁਰੂ ਅਰਜਨ ਪਾਤਸ਼ਾਹ ਹੁਕਮ ਕਰਦੇ ਹਨ ਕਿ ਇਸ ਦਸਤਾਰ ਦੀ ਬਦੌਲਤ ਇਹ ਪੰਜ ਚੋਰ, ਤਸਕਰ, ਵਿਕਾਰ, ਭਲਵਾਣ ਮੈਂ ਨਿਰਸਤ ਕਰ ਦਿੱਤੇ ਹਨ। ਇਹ ਪੰਜ ਚੋਰ ਮਾਰੇ ਨਹੀਂ ਜਾ ਸਕਦੇ, ਇਹਨਾਂ ਨੂੰ ਗੁਰੂ ਕਿਰਪਾ ਨਾਲ ਕਾਬੂ ਕੀਤਾ ਜਾ ਸਕਦਾ ਹੈ, ਇਹਨਾਂ ਦੀ ਦਿਸ਼ਾ ਬਦਲੀ ਕੀਤੀ ਜਾ ਸਕਦੀ ਹੈ। ਇਹਨਾਂ ਨੂੰ ਕਾਬੂ ਕਰਣ ਤੋਂ ਬਾਅਦ ਇਹਨਾਂ ਦਾ ਰੂਪ ਬਿਆਨ ਕਰਦਿਆਂ ਹਜ਼ੂਰ ਫਰਮਾਂਦੇ ਹਨ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਰੂਪੀ ਹਾਥੀ, ਬਲਦ, ਕਾਂ, ਖੋਤੇ ਅਤੇ ਭੈਸਾਂ ਰੂਪੀ ਜਾਨਵਰਾਂ ਨਾਲ ਔਗਣਾਂ ਨਾਲ ਗ੍ਰਸੇ ਇਸ ਸਰੀਰ ਦੇ ਇਹ ਪਸ਼ੂ ਹੁਣ ਸੁਰ ਤਾਲ ਵਿਚ ਆ ਕੇ ਰਬਾਬ, ਪਖਾਵਜ ਆਦਿ ਸੂਖਮ ਸਾਜ਼ ਵਜਾਣ ਲਗ ਪਏ ਹਨ। ਕਾਮ ਹੁਣ ਸੰਸਾਰ ਨਾਲ ਗੰਢ ਪਾਉਣ ਦਾ ਸਾਧਨ ਹੋ ਗਿਆ ਹੈ। ਕ੍ਰੋਧ ਹੁਣ ਬੀਰ ਰਸ ਵਿਚ ਤਬਦੀਲ ਹੋ ਗਿਆ ਹੈ।ਲੋਭ ਹੁਣ ਪ੍ਰਭੂ ਮਿਲਣ ਦੀ ਲੋਚਾ ਬਣ ਗਿਆ ਹੈ। ਮੋਹ ਹੁਣ ਸੰਸਾਰ ਸੇਵਾ ਦਾ ਉਮਾਹ ਬਣ ਗਿਆ ਹੈ। ਅੰਹਕਾਰ ਹੁਣ ਸਵੈਭਿਮਾਨ ਵਿਚ ਬਦਲ ਗਿਆ ਹੈ।

*ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ ॥*
*ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥੧॥*
*ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥੧॥*
(ਗੁਰੂ ਗ੍ਰੰਥ ਸਾਹਿਬ ਪੰਨਾ : ੪੭੭)

ਇਸ ਦਸਤਾਰ ਦੀ ਰਹਿਮਤ ਬਾਰੇ ਆਪ ਜੀ ਨੇ ਇਕ ਥਾਂ ਹੋਰ ਬਖਸ਼ਿਸ਼ ਕੀਤੀ ਹੈ,

*ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥*
*ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥*
(ਗੁਰੂ ਗ੍ਰੰਥ ਸਾਹਿਬ ਪੰਨਾ : ੬੩੧)

ਵਕਤੀ ਬਾਦਸ਼ਾਹ ਜਹਾਂਗੀਰ ਵਲੋਂ ਗੁਰੂ ਘਰ ਨੂੰ 'ਦੁਕਾਨੇ ਬਾਤਲ' ਝੂਠ ਦੀ ਦੁਕਾਨ ਕਹਿ ਕੇ ਬੰਦ ਕਰਾਉਣ ਦੀ ਚੁਨੌਤੀ ਸ਼ਹੀਦਾਂ ਦੇ ਸਿਰਤਾਜ ਸੱਚੇ ਪਾਤਸ਼ਾਹ ਨੇ ਪ੍ਰਵਾਨ ਕਰ ਲਈ । "*ਕੋਊ ਹਰਿ ਸਮਾਨਿ ਨਹੀ ਰਾਜਾ ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥*" (੮੫੬) ਗੁਰਵਾਕ ਹੈ। ਇਸ ਤਰ੍ਹਾਂ ਮਿੱਥੇ ਇਲਾਹੀ ਪਰੋਗਰਾਮ ਮੁਤਾਬਕ ਜਦੋਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਬਕ "ਤਨੁ ਮਨੁ ਕਾਟਿ ਕਾਟਿ ਸਭੁ

ਅਰਪੀ ਵਿਚਿ ਅਗਨੀ ਆਪੁ ਜਲਾਈ ॥" (੭੫੨) ਨੂੰ ਅਮਲੀ ਰੂਪ ਦੇਣ ਲਈ "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥" (੧੪੧੨) ਵੱਲ ਚਾਲੇ ਪਾਏ ਤਾਂ ਬਚਨ ਕੀਤਾ ਕਿ ਛੇਵੇਂ ਜਾਮੇ ਵਿਚ ਅਸੀਂ ਮੀਰ ਦੀ ਮੀਰੀ ਅਤੇ ਪੀਰ ਦੀ ਪੀਰੀ ਖਿੱਚ ਲੈਣੀ ਹੈ। ਆਪ ਜੀ ਦੀ ਸ਼ਹਾਦਤ ਹੋ ਗਈ। *"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥"* (੮੪੬) ਧੁਰ ਕੀ ਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਚਖੰਡ ਵਿਚ ਹਜ਼ੂਰ ਦੀ ਆਮਦ ਬਾਰੇ ਇਸ ਤਰ੍ਹਾਂ ਵਰਨਣ ਕੀਤਾ ਹੈ,

*ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥*
*ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥*
(ਗੁਰੂ ਗ੍ਰੰਥ ਸਾਹਿਬ ਪੰਨਾ : ੧੪੦੯)

ਗੁਰੂ ਪਾਤਸ਼ਾਹ ਦੇ ਸਚਖੰਡ ਪ੍ਰਵੇਸ਼ ਦਾ ਇਹੀ ਢੰਗ ਹੈ ਅਤੇ ਇੰਨ ਬਿੰਨ ਇਸੇ ਤਰ੍ਹਾਂ ਦਾ ਵਰਣਨ ਕਲਗੀਧਰ ਪਿਤਾ ਵੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦਾ ਕਰਦੇ ਹਨ,

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥
(ਦਸਮ ਗ੍ਰੰਥ)

ਪੰਚਮ ਪਾਤਸ਼ਾਹ ਦੀ ਅਦੁੱਤੀ ਸ਼ਹਾਦਤ ਦੇ ਬਾਅਦ ਅਕਾਲ ਪੁਰਖ ਵਲੋਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਸੱਚੇ ਪਾਤਸ਼ਾਹ ਨੂੰ ਸ੍ਰੀ ਅਕਾਲ ਪੁਰਖ ਦਾ ਅਬਿਨਾਸ਼ੀ ਅਤੇ ਸਦੀਵੀ ਤਖਤ ਦੀ ਸਿਰਜਣਾ ਕਰਨ ਅਤੇ ਨਾਲ ਹੀ ਮੀਰੀ-ਪੀਰੀ ਦੀਆਂ ਸ੍ਰੀ ਸਾਹਿਬਾਂ ਧਾਰਨ ਕਰਨ ਦਾ ਹੁਕਮ ਹੋਇਆ ;

ਪ੍ਰਿਥਮੈ ਇਹ ਥਾਂ ਤਖਤ ਸਵਾਰੋ।
ਮੀਰੀ ਅਸਿ ਕੋ ਧਾਰੋ।੩੫੩।
ਮੀਰੀ ਪੀਰੀ ਦੋਊ ਧਾਰੋ।
ਧਰਾ ਭਾਰ ਸਭ ਦੂਰ ਨਿਵਾਰੋ।੩੫੭।

ਇਸ ਤਰ੍ਹਾਂ ਕੇਵਲ ਗਿਆਰਾਂ ਵਰ੍ਹਿਆਂ ਦੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਅਤੇ ਇਹ ਗੁਰੂ ਨਾਨਕ ਸਾਹਿਬ ਦੀ ਕਰਤਾ ਪੁਰਖ ਦੀ ਇਹ ਜੱਦੀ ਪੁਰਖੀ ਦਸਤਾਰ ਵੀ ਬੰਨੀ ਗਈ। ਸੱਚੇ ਪਾਤਸ਼ਾਹ ਨੇ ਗੱਲ ਕੇਵਲ ਦਸਤਾਰ ਤੱਕ ਹੀ ਨਹੀਂ ਸੀਮਤ ਕੀਤੀ ਬਲਕਿ ਇਸ ਦਸਤਾਰ ਦੇ ਉਤੇ ਕਲਗੀ ਵੀ ਸਜਾਈ। ਇਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਉਸ ਢੱਕੀ, ਟੀਲੇ ਤੋਂ ਗੁਰੂ ਘਰ ਦੇ ਢਾਡੀ ਅਬਦੁੱਲਾ ਅਤੇ ਨੱਥ ਮੱਲ ਨੇ

ਗੁਰੂ ਪਾਤਸ਼ਾਹ ਦੀ ਅਜ਼ਮਤ, ਮੀਰੀ-ਪੀਰੀ ਅਤੇ ਗੁਰੂ ਨਾਨਕ ਸਾਹਿਬ ਦੀ ਇਸ ਸ਼ਾਨ ਮੱਤੀ ਦਸਤਾਰ ਬਾਰੇ ਇਤਿਹਾਸਕ ਵਾਰ ਗਾਇਨ ਕੀਤੀ,

ਦੋ ਤਲਵਾਰਾਂ ਬਧੀਆਂ,
ਇਕ ਮੀਰ ਦੀ ਇਕ ਪੀਰ ਦੀ
ਇਕ ਅਜ਼ਮਤ ਦੀ ਇਕ ਰਾਜ ਦੀ,
ਇਕ ਰਾਖੀ ਕਰੇ ਵਜ਼ੀਰ ਦੀ
ਹਿੰਮਤ ਬਾਹਾਂ ਕੋਟ ਗੜ੍ਹ,
ਦਰਵਾਜ਼ਾ ਬਲਖ ਬਖੀਰ ਦੀ
ਨਾਲ ਸਿਪਾਹੀ ਨੀਲ ਨਲ,
ਮਾਰ ਦੁਸ਼ਟਾਂ ਕਰੇ ਤਗੀਰ ਜੀ
ਪਗ ਤੇਰੀ ਕੀ ਜਹਾਂਗੀਰ ਦੀ ?

ਗੁਰੂ ਸਾਹਿਬ ਤੋਂ ਵਰੋਸਾਏ ਹੋਏ ਸ਼੍ਰੋਮਣੀ ਵਿਆਖਿਆ ਕਾਰ ਅਤੇ ਗੁਰਬਾਣੀ ਦੇ ਕੁੰਜੀਕਾਰ ਭਾਈ ਗੁਰਦਾਸ ਜੀ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਇਸ ਛੇਵੇਂ ਰੂਪ ਬਾਰੇ ਪਹਿਲੀ ਵਾਰ ਦੀ ੪੮ਵੀਂ ਪਉੜੀ ਵਿਚ ਲਿਖਦੇ ਹਨ,

*ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥*
*ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥*
*ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥*
*ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ॥*

ਇਸ 'ਦੱਲ ਭੰਜਨ', 'ਸੂਰਮੇ ਗੁਰ ਭਾਰੀ', 'ਛਟਮ ਪੀਰ' ਦੀ ਦਸਤਾਰ ਦਾ ਪ੍ਰਤੱਖ ਰੂਪ ਸੀ, ਸ੍ਰੀ ਅਕਾਲ ਤਖਤ ਸਾਹਿਬ ਦਾ ਬੁਲੰਦ ਸੁਨਹਿਰੀ ਗੁਬੰਦ, ਜਿਸ ਨੂੰ ਸਾਕਾ ਨੀਲਾ ਤਾਰਾ ਵਿਚ ਸਭ ਤੋਂ ਪਹਿਲਾਂ ਤੋਪਾਂ ਨਾਲ ਜ਼ਖਮੀ ਕੀਤਾ ਗਿਆ।

ਇਸ ਤੋਂ ਬਾਅਦ ਇਸ ਸ਼ਾਹੀ ਦਸਤਾਰ ਦੇ ਵਾਰਸ ਬਣੇ ਸਾਹਿਬ ਸ੍ਰੀ ਗੁਰੂ ਹਰਰਾਇ ਸਾਹਿਬ ਜੀ ਮਹਾਰਾਜ। ਦਸਤਾਰ ਦੇ ਸੰਬੰਧ ਵਿਚ ਗੁਰੂ ਹਰਿ ਰਾਇ ਜੀ ਦੇ ਹਵਾਲੇ ਨਾਲ ਭਾਈ ਨੰਦ ਲਾਲ ਪੁਰੀ ਦੀ ਸਾਖੀ ਕਾਫ਼ੀ ਮਹੱਤਵ ਪੂਰਨ ਹੈ। ਭਾਈ ਸਾਹਿਬ ਸ਼ਹੀਦ ਹਕੀਕਤ ਰਾਇ ਦੇ ਦਾਦਾ ਜੀ ਸਨ। ਆਪ ਗੁਰੂ ਜੀ ਦੇ ਦਰਸ਼ਨ ਕਰਨ ਆਏ ਅਤੇ ਬੇਨਤੀ ਕੀਤੀ ਕਿ ਜੀਵਨ ਧਰਮੀ ਨਹੀਂ ਬਣਦਾ ਸੋ ਕੋਈ ਉਚੇਚਾ ਉਪਦੇਸ਼ ਦਿਉ। ਪ੍ਰਿ. ਸਤਿਬੀਰ ਸਿੰਘ ਜੀ ਨੇ ਇਸ ਬਾਰੇ ਆਪਣੀ ਪੁਸਤਕ 'ਨਿਰਭਉ ਨਿਰਵੈਰ' ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਹੁਕਮ ਕੀਤਾ, "ਉਪਦੇਸ਼ ਚਹੁੰ ਵਰਨਾ ਕੋ ਸਾਂਝਾ ਹੀ ਹੈ। ਫਿਰ ਵੀ ਜਦ ਤੁਸੀਂ

ਉਚੇਚੇ ਉਪਦੇਸ਼ ਦੀ ਯਾਚਨਾ ਕਰਦੇ ਹੋ ਤਾਂ ਤਿੰਨ ਬਾਤਾਂ ਜਿੰਦਗੀ ਭਰ ਕਰਦੇ ਰਹਿਣਾ, ਘਰ ਧਰਮੀ ਕਹਿਲਾਏਗਾ। ਇਕ - ਕੇਸ ਨਹੀਂ ਕਟਾਣੇ। ਦੂਜੇ - ਤੰਮਾਕੂ ਨਹੀਂ ਸੇਵਣਾ। ਤੀਜੇ - ਟੋਪੀ ਕਦੇ ਨਾ ਪਹਿਣਨੀ।"

ਦਸਤਾਰ ਦਾ ਇਹ ਰੱਬੀ ਸਫਰ ਅੱਗੇ ਤੁਰਿਆ ਅਤੇ ਇਸ ਦਸਤਾਰ ਦੀ ਇੱਜ਼ਤ, ਅਜ਼ਮਤ ਅਤੇ ਗੌਰਵ ਦੇ ਮੁਹਾਫਿਜ਼ ਬਣੇ ਬਾਲ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ। 'ਸਟੇਟ ਅਤੇ ਚਰਚ', 'ਰਾਜਾ ਅਤੇ ਰਾਜ-ਰਿਸ਼ੀ' ਜਾਂ 'ਸੁਲਤਾਨ ਅਤੇ ਕਾਜ਼ੀ' ਦੇ ਗੱਠ ਜੋੜ ਨੇ "ਰਾਜਾ ਸਦੀਵ ਹੀ ਕਲੰਕ ਹੀਣ ਹੁੰਦਾ ਹੈ" ***(king can do no wrong)*** ਪੱਛਮੀ ਫਲਸਫ਼ੇ ਦੀ ਅਤੇ ਇਸਦਾ ਸ਼ੁੱਧ ਭਾਰਤੀ ਸਵਰੂਪ 'ਦਿਲੀਸ਼ਵਰੋ ਜਗਦੀਸ਼ਵਰੋ' ਦਿੱਲੀ ਪਤੀ ਪਰਮਾਤਮਾ ਹੈ ਦਾ ਹੋਕਾ ਸਾਹ ਸਤ ਹੀਣ ਹੋਈ ਭਾਰਤੀ ਸਭਿਅਤਾ ਨੂੰ ਦਿੱਤਾ। ਦਰਅਸਲ ਇਹ ਗਠਜੋੜ 'ਚੋਰ ਅਤੇ ਕੁੱਤੀ' ਦੇ ਰਲ ਜਾਣ ਦੀ ਤਰ੍ਹਾਂ ਹੀ ਹੁੰਦਾ ਹੈ ਜੋ ਸਮਾਜ ਲਈ ਮਾਰੂ ਹੋ ਨਿਬੜਦਾ ਹੈ। ਗੁਰੂ ਜੀ ਜਦੋਂ ਦਿੱਲੀ ਵਿਚ ਬੰਗਲਾ ਸਾਹਿਬ ਵਾਲੇ ਰਾਜਾ ਜੈ ਸਿੰਘ ਸਵਈ ਦੇ ਬੰਗਲੇ ਵਿਚ ਠਹਿਰੇ ਸਨ ਤਾਂ ਮੁਗਲ ਸੁਲਤਾਨ ਔਰੰਗਜ਼ੇਬ ਨੇ ਹਜ਼ੂਰ ਨੂੰ ਮਿਲਣ ਦੀ ਖ਼ਾਹਿਸ਼ ਜਾਰੀ ਕੀਤੀ। ਪਹਿਲੇ ਜਾਮੇ ਵਿਚ ਗੁਰੂ ਨਾਨਕ ਸਾਹਿਬ ਨੇ ਨਵਾਬ ਲੋਧੀ ਨੂੰ ਸਪੱਸ਼ਟ ਕਿਹਾ ਸੀ ਕਿ ਲੋਭ ਲਾਲਚ ਵਿਚ ਗ੍ਰਸੇ ਹੋਏ ਮਨੁੱਖ ਹੀ ਆਪਣੀ ਗਰਦਨ ਝੁਕਾ ਕੇ ਰਖਦੇ ਹਨ, ਬੇਤਮਾਂ ਆਦਮੀ ਦੀ ਗਰਦਨ ਹਮੇਸ਼ਾਂ ਬੁਲੰਦ ਰਹਿੰਦੀ ਹੈ, 'ਗਰਦਨ ਬੇਤਮਾਂ ਬਲੰਦ ਬੁਵਦ'।ਵਾਹਿਗੁਰੂ ਨੇ ਇਨਸਾਨ ਦਾ ਸਿਰ ਉੱਤੇ ਅਤੇ ਪੈਰ ਥੱਲੇ ਲਾਇਆ ਹੈ। ਭਾਈ ਨੰਦ ਲਾਲ ਜੀ ਕਿਤਨਾ ਕਮਾਲ ਦਾ ਖਿਆਲ ਦਿੰਦੇ ਹਨ ਕਿ ਵਾਹਿਗੁਰੂ ਨੇ ਸਿਰ ਇਸ ਲਈ ਦਿੱਤਾ ਹੈ ਇਸ਼ਕ ਦੀ ਮੰਜ਼ਿਲ ਦਾ ਰਾਹ ਬੜਾ ਲੰਮਾ ਅਤੇ ਔਖਾ ਹੈ, ਇਹ ਪੈਰਾਂ ਨਾਲ ਨਹੀਂ ਤੁਰਿਆ ਜਾਣਾ। ਆਪਣੇ ਸਿਰ ਨੂੰ ਪੈਰ ਬਣਾ ਕੇ ਹੀ ਮਾਸ਼ੂਕ ਇਸ ਰਾਹ ਤੇ ਤੁਰ ਸਕਦੇ ਹਨ।

**ਮੰਜ਼ਲਿ ਇਸ਼ਕ ਦਰਾਜ਼ ਅਸਤ ਬ-ਪਾ ਨਤਵਾਂ ਰਫਤ।**
**ਸਰ ਕਦਮ ਸਾਜ਼ ਤਾ ਦਰ ਰਹਿ ਆਂ ਯਾਰ ਸਵੀ॥**

'ਬਾਬਰ ਬ ਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ' ਦੇ ਅਸੂਲ ਵਾਲਿਆਂ ਲਈ ਤਾਂ ਸਿਰ ਪੱਗ ਬੰਨਣ ਲਈ ਅਤੇ ਢਿੱਡ ਨਾੜਾ ਬੰਨਣ ਦੇ ਮਨੋਰਥ ਤੱਕ ਹੀ ਸਿਮਟ ਕੇ ਰਹਿ ਜਾਂਦਾ ਹੈ। ਇਨਸਾਨ ਅਤੇ ਪਸ਼ੂ ਵਿਚ ਇਹੀ ਫਰਕ ਹੈ। ਪਸ਼ੂ ਦੀ ਗਰਦਨ ਥੱਲੇ ਝੁਕੀ ਹੋਈ ਹੁੰਦੀ ਹੈ ਅਤੇ ਇਨਸਾਨ ਦੀ ਗਰਦਨ ਬੁਲੰਦ। ਇਸ ਬੁਲੰਦੀ ਨੂੰ ਕਾਇਮ ਰੱਖ ਸਕਣਾ ਹੀ ਇਨਸਾਨੀਅਤ ਹੈ। ਅੰਤ ਅਠਵੇਂ ਜਾਮੇ ਵਿਚ ਇਕ ਵਾਰ ਫਿਰ ਬਾਬਾ ਨਾਨਕ ਨੇ ਆਪਣੀ ਦਸਤਾਰ ਬੁਲੰਦ ਰਖਦਿਆਂ ਬਚਨ ਕੀਤੇ, 'ਨਾ ਦਰਸ਼ਨ ਦੇ ਹੈਂ, ਨਾ ਦਰਸ਼ਨ ਲੇ ਹੈਂ'। 'ਬਾਬਾ

ਬਕਾਲੇ ਕਹਿ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਪੱਛਮ ਵੱਲ ਸਿਜਦਾ ਕੀਤਾ ਅਤੇ ਜੋਤਿ-ਜੁਗਤਿ ਨਿਰੰਕਾਰੀ ਜੋਤ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਪ੍ਰਤੱਖ ਜਾਣ ਮੱਥਾ ਟੇਕ ਕੇ ਉਹਨਾਂ ਵਿਚ ਸਥਾਪਿਤ ਕਰ ਦਿੱਤੀ।

ਗੁਰੂ ਤੇਗ ਬਹਾਦੁਰ ਜੀ ਤਾਂ ਪਹਿਲਾਂ ਹੀ ਮਿਥਿਹਾਸਿਕ ਪੰਛੀ ਫ਼ੀਨਿਕਸ ਦੀ ਤਰ੍ਹਾਂ "*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥*" (੧੪੨੭) ਦਾ ਗਾਇਨ ਕਰਕੇ ਮਕਤਲ ਵਲ ਰਸਤਾ ਤੈਅ ਕਰ ਰਹੇ ਸਨ। ਅਤੇ ਹੋਇਆ ਵੀ ਬਿਲਕੁਲ ਇਸੇ ਤਰ੍ਹਾਂ। ਨੌਵੇਂ ਨਾਨਕ ਨੇ 'ਹਿੰਦ ਦੀ ਚਾਦਰ ਬਣ' ਧੁਰ ਦਰਗਾਹੋਂ ਪ੍ਰਾਪਤ ਹੋਈ ਇਹ ਰੱਬੀ ਦਸਤਾਰ ਸਾਰੇ ਸੰਸਾਰ ਤੇ ਚਾਦਰ ਦੀ ਤਰ੍ਹਾਂ ਤਾਣ ਦਿੱਤੀ। "**ਢਾਪੀ ਸਗਲ ਸ੍ਰਿਸਟ ਪੈ ਚਾਦਰ।**" ਕਲਗੀਧਰ ਪਿਤਾ ਕਹਿ ਉੱਠੇ "*ਤੇਗ ਬਹਾਦੁਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ*"।

ਫ਼ਿਰ ਕੇਵਲ ਨੌਂ ਸਾਲ ਦੇ ਬਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੀਸ ਤੇ ਇਸ ਦਸਤਾਰ ਦੀ ਜ਼ਿੰਮੇਵਾਰੀ ਆਈ। ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਮਹਾਰਾਜ ਦਾ ਪਾਵਨ ਸੀਸ ਜਦੋਂ ਭਾਈ ਜੈਤਾ ਜੀ ਨੇ ਲਿਆ ਕੇ ਗੁਰੂ ਕਲਗੀਧਰ ਪਿਤਾ ਨੂੰ ਸੌਂਪਿਆ ਤਾਂ ਆਪ ਜੀ ਨੇ ਇਸ ਸੀਸ ਨੂੰ ਸੀਸ ਝੁਕਾ ਕੇ ਮਾਤਾ ਗੁਜਰੀ ਜੀ ਦੀ ਝੋਲੀ ਵਿਚ ਪਾ ਦਿੱਤਾ। ਮਾਤਾ ਜੀ ਨੇ ਨਮਸਕਾਰ ਕਰਕੇ ਬਚਨ ਕੀਤੇ, "ਸਵਾਮੀ ! ਆਪ ਜੀ ਦੀ ਨਿਭ ਗਈ ਹੈ ਮੇਰੀ ਵੀ ਨਿਭ ਜਾਏ।"

ਕਲਗੀਧਰ ਪਿਤਾ ਦਸਤਾਰ ਪ੍ਰਤੀ ਕਿਤਨੇ ਚੇਤੰਨ ਸਨ ਅਤੇ ਇਸ ਨਾਲ ਕਿਤਨਾ ਸਨੇਹ ਰਖਦੇ ਸਨ ਉਹ ਇਸ ਤੋਂ ਵਿਦਿਤ ਹੈ ਕਿ ਕਲਮ ਅਤੇ ਕ੍ਰਿਪਾਨ ਦੇ ਗੜ੍ਹ ਸ੍ਰੀ ਪਾਉਂਟਾ ਸਾਹਿਬ ਵਿਖੇ ਠੀਕ ਗੁਰਦੁਆਰਾ ਪਾਉਂਟਾ ਸਾਹਿਬ ਦੇ ਸਾਹਮਣੇ ਦਸਤਾਰ ਅਸਥਾਨ ਹੈ। ਇਸ ਅਸਥਾਨ ਤੇ ਬਿਰਾਜਮਾਨ ਹੋ ਕੇ ਗੁਰੂ ਕਲਗੀਧਰ ਪਿਤਾ ਸੋਹਣੀਆ ਦਸਤਾਰਾਂ ਸਜਾਉਣ ਦੇ ਮੁਕਾਬਲੇ ਕਰਾਇਆ ਕਰਦੇ ਸਨ। ਹੁਣ ਗੁਰੂ ਕੇ ਸਾਜੇ ਸਿੱਖ ਦਸਤਾਰ ਬੰਨਦੇ ਨਹੀਂ ਸਨ ਬਲਕਿ ਦਸਤਾਰ ਸਜਾਉਂਦੇ ਸਨ।

ਪੀਰ ਬਦਰੂਦੀਨ ਸਾਹਿਬ ਜੀ ਜੋ ਆਪਣੇ ਆਪ ਨੂੰ ਬੁੱਧੂ ਸ਼ਾਹ ਕਹਾ ਕੇ ਜ਼ਿਆਦਾ ਪ੍ਰਸੰਨ ਹੋਇਆ ਕਰਦੇ ਸਨ ਗੁਰੂ ਸਾਹਿਬ ਜੀ ਦੇ ਅਨਿੰਨ ਸ਼ਰਧਾਲੂ ਅਤੇ ਖੁਦਾਪ੍ਰਸਤ ਸਨ। ਪੀਰ ਭੀਖਣ ਸ਼ਾਹ ਦੀ ਤਰ੍ਹਾਂ ਹੀ ਆਪ ਜੀ ਨੂੰ ਵੀ ਗੁਰੂ ਸਾਹਿਬ ਵਿਚ ਰੱਬੀ ਨੂਰ ਦੇ ਦੀਦਾਰ ਹੋਏ ਆਪ ਗੁਰੂ ਘਰ ਦੇ ਆਸ਼ਕ ਅਤੇ ਭੌਰੇ ਹੋ ਗਏ। ਪਹਾੜੀ ਰਾਜਿਆਂ ਨਾਲ ਭੰਗਾਣੀ ਦੇ ਯੁੱਧ ਵਿਚ ਪੀਰ ਬੁੱਧੂ ਸ਼ਾਹ ਦੇ ਤਿੰਨ ਪੁੱਤਰ ਸ਼ਹੀਦੀ ਜਾਮ ਪੀ ਗਏ। ਇਸੇ ਪਾਵਨ ਅਸਥਾਨ ਤੇ ਜਦ ਆਪ ਜੀ

ਕਲਗੀਧਰ ਪਿਤਾ ਨੂੰ ਮਿਲੇ ਤਾਂ ਗੁਰੂ ਸਾਹਿਬ ਨੇ ਆਪ ਜੀ ਨੂੰ 'ਸਿਰਪਾਉ' ਦੇ ਕੇ ਨਿਵਾਜਿਆ ਅਤੇ ਕੁਝ ਮੰਗਣ ਲਈ ਕਿਹਾ। ਪੀਰ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੇ ਤੁੱਠੇ ਹੋ ਤਾਂ ਇਹ ਜੋ ਕੰਘਾ ਆਪ ਜੀ ਨੇ ਵਾਹਿਆ ਹੈ ਅਤੇ ਜਿਸ ਵਿਚ ਆਪ ਜੀ ਦੇ ਮੁਏ ਮੁਬਾਰਕ, ਪਾਵਨ ਕੇਸਾਂ ਦੀ ਲਿਟ ਹੈ ਇਹ ਮੇਰੀ ਝੋਲੀ ਵਿਚ ਪਾ ਦਿਉ। ਇਹ ਕੰਘਾ ਸਣੇ ਕੇਸਾਂ ਦੇ ਅੱਜ ਵੀ ਉਸ ਨੇਕ ਪਰਿਵਾਰ ਕੋਲ ਗੁਰੂ ਜੀ ਦੀ ਅਦੁੱਤੀ ਰਹਿਮਤ ਦੀ ਨਿਸ਼ਾਨੀ ਸੰਭਾਲਿਆ ਪਿਆ ਹੈ। ਇਹ ਹੈ ਸਿਰਪਾਉ ਦੀ ਸਹੀ ਕੀਮਤ।

ਪਰ ਇਸ ਦਸਤਾਰ ਨੂੰ ਹਾਲੇ ਸਿੱਕੇ ਬੰਦ ਜਾਂ ਮਰਯਾਦਤ ਕਰਨਾ ਬਾਕੀ ਸੀ। *"ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ॥"* ਵਾਲੇ ਗੁਰੂ ਨਾਨਕ ਪਾਤਸ਼ਾਹ ਦੇ ਚਲਾਏ ਪੰਥ ਨੂੰ 'ਪ੍ਰਚੁਰ' ਕਰਨ ਲਈ ੧੬੯੯ ਦੀ ਵਿਸਾਖੀ ਵਾਲੇ ਇਤਿਹਾਸਕ ਦਿਨ ਨੂੰ ਇਸ ਨਿਰਮਲ ਪੰਥ ਨੂੰ ਸੰਪੂਰਨਤਾ ਦੇ ਕੇ ਗੁਰੂ ਪੰਥ ਬਣਾਇਆ ਸਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ। ਇਸ ਦੇ ਨਾਲ ਹੀ ਬਾਣੀ ਦੇ ਨਾਲ ਨਾਲ ਬਾਣੇ ਦੀ ਪ੍ਰਪੱਕਤਾ ਦੇ ਕੇ ਗੁਰਵਾਕ *"ਸਾਬਤ ਸੂਰਤਿ ਦਸਤਾਰ ਸਿਰਾ"* (੧੦੮੪) ਦੇ ਮੁਤਾਬਕ ਖ਼ਾਲਸੇ ਦੇ ਕੇਸਾਂ ਅਤੇ ਹਕੂਕ ਕੀ ਨਿਸਚਤ ਕਰ ਦਿੱਤੇ। ਕੇਸ ਵਿਹੂਣ ਹੋਣਾ ਧਾਰਮਿਕ, ਸਮਾਜਕ, ਦਿਮਾਗੀ ਰੁਗਣਤਾ ਜਾਂ ਤ੍ਰਾਸਦੀ ਦਾ ਲਖਾਇਕ ਮੰਨਿਆ ਗਿਆ ਹੈ। ਜਿਵੇਂ ਬ੍ਰਾਹਮਣ ਨੂੰ ਮੌਤ ਦੀ ਸਜ਼ਾ ਦੇ ਬਜਾਏ ਉਸਦੇ ਕੇਸ ਕੱਟ ਦੇਣੇ, ਕਿਸੇ ਦੇ ਨਜ਼ਦੀਕ ਰਿਸ਼ਤੇਦਾਰ ਦੀ ਮੌਤ ਅਥਵਾ ਵਿਧਵਾ ਹੋਣ ਤੇ ਉਸਦਾ ਭੱਦਣ ਕਰ ਦੇਣਾ, ਕਿਸੇ ਗੰਭੀਰ ਮਾਰੂ ਰੋਗ ਹੋਣ ਤੇ ਉਸਦੇ ਵਾਲ ਆਪਣੇ ਆਪ ਝੜ ਜਾਣੇ ਜਾਂ ਪਾਗਲ ਖਾਨੇ ਵਿਚ ਦਿਮਾਗੀ ਰੋਗੀਆਂ ਦਾ ਸਿਰ ਮੁੰਨ ਦੇਣਾ ਆਦਿ। ਸੋ ਗੁਰੂ ਕਲਗੀਧਰ ਪਿਤਾ ਨੇ 'ਹੁਸਨਲ ਜਮਾਲ' ਅਤੇ 'ਸੁੰਦਰ ਸਰੂਪ' ਪੂਰਨ ਮਨੁੱਖ ਦਾ ਸੰਕਲਪ ਸਾਬਤ ਸੂਰਤ ਰੂਪ ਵਿਚ ਚਿਤਰਤ ਕੀਤਾ ਅਤੇ ਇਹਨਾਂ ਵਾਲਾਂ ਨੂੰ ਆਪਣੇ ਕਰ ਕਮਲਾਂ ਦੀ ਪਾਵਨ ਛੋਹ ਦੇ ਕੇ ਅਤੇ ਅੰਮ੍ਰਿਤ ਦੇ ਪੰਜ ਚੁੱਲੇ ਪਾ ਕੇ ਇਹਨਾਂ ਨੂੰ 'ਗੁਰੂ ਕੀ ਮੋਹਰ' ਕੇਸਾਂ ਵਿਚ ਤਬਦੀਲ ਕਰ ਦਿੱਤਾ,

*ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥*
*ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥*
**(ਗੁਰੂ ਗ੍ਰੰਥ ਸਾਹਿਬ ਪੰਨਾ : ੧੦੬੯)**

ਸੰਗਯਾ "ਮਰਯਾ" ਦੇ ਨਦੀ ਦੇ ਕਿਨਾਰਿਆਂ ਨੂੰ ਕਿਹਾ ਜਾਂਦਾ ਹੈ। ਜੇ ਕਰ ਤਾਂ ਨਦੀ ਆਪਣੇ ਕਿਨਾਰਿਆਂ ਦੇ ਅੰਦਰ ਰਹੇ ਤਾਂ ਹੀ ਨਦੀ ਹੈ ਨਹੀਂ ਤਾਂ ਤਬਾਹੀ। ਸੋ ਗੁਰੂ ਸਾਹਿਬ ਨੇ ਰਹਿਤਨਾਮਿਆਂ ਰਾਹੀਂ ਇਸ ਲਫ਼ਜ਼ "ਮਰਯਾ" ਤੋਂ ਖਾਲਸੇ ਦੀ "ਮਰਯਾਦਾ" ਵੀ ਨਿਸਚਤ ਕਰ ਦਿੱਤੀ। ਇਸ ਵਿਚ ਕੁਤਾਹੀ

ਕਰਨ ਵਾਲਾ ਪਤਿਤ ਜਾਂ ਤਨਖਾਹੀਆ ਨਿਸਚਤ ਕੀਤਾ ਗਿਆ। ਸੋ ਇਸ ਦੇ ਨਾਲ ਹੀ ਇਹਨਾਂ ਪਾਵਨ ਕੇਸਾਂ ਦਾ ਹਾਲ ਵੀ ਕਿਧਰੇ "*ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥*" (੪੬੫) ਵਾਲਾ ਨਾ ਹੋ ਜਾਏ ਇਸ ਲਈ ਕਲਗੀਧਰ ਪਿਤਾ ਨੇ ਭਾਈ ਨੰਦ ਲਾਲ ਜੀ ਰਾਹੀਂ ਰਹਿਤਨਾਮੇ ਵਿਚ ਹੁਕਮ ਕੀਤਾ "ਕੰਘਾ ਦੋਨੋਂ ਵਕਤ ਕਰ, ਪਾਗ ਚੁਨੇ ਕਰ ਬਾਂਧਈ।" ਇਸ ਰਹਿਤ ਨਾਮੇ ਵਿਚ ਸਿਰ ਤੇ ਦਸਤਾਰ ਚੁਣ ਚੁਣ ਕੇ ਸਜਾਣ ਦੇ ਸਪੱਸ਼ਟ ਹੁਕਮ ਦੇ ਨਾਲ ਨਾਲ ਦੋ ਵਕਤ ਕੰਘਾ ਕਰਨ ਦੀ ਹਿਦਾਇਤ ਵੀ ਜਾਰੀ ਕੀਤੀ ਗਈ। ਉਸ ਸਮੇਂ ਜੋਗੀ, ਸੰਨਿਆਸੀ ਆਦਿ ਜਾਂ ਤਾਂ ਹੀਰ ਦੇ ਜੋਗੀ ਵਾਂਗ ਸਿਰ ਨੂੰ ਘਰੜ ਮਰੜ ਕੇ ਰਖਦੇ ਸਨ ਅਤੇ ਜਾਂ ਫ਼ਿਰ ਵਾਲਾਂ ਵਿਚ ਬੋਹੜ ਦਾ ਦੁੱਧ ਪਾ ਪਾ ਕੇ ਇਸਦੀਆਂ ਜਟਾਵਾਂ ਬਣਾਂ ਲੈਂਦੇ ਸਨ। ਹਜ਼ੂਰ ਦੇ ਉਕਤ ਹੁਕਮਨਾਮੇ ਤੇ ਅਮਲ ਕਰਦਿਆਂ ਦੋਨੋਂ ਸਮੇਂ ਕੇਸਾਂ ਵਿਚ ਕੰਘਾ ਕਰਨ ਵਾਲਾ ਨਾ ਤਾਂ ਸਿਰ ਖੁੱਥਾ ਜੋਗੀ ਹੀ ਹੋ ਸਕਦਾ ਹੈ ਅਤੇ ਨਾ ਹੀ ਜਟ ਜੂਟ ਸਾਧੂ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਦਾ ਇਹ ਇਕ ਅਦੁੱਤੀ ਰਹਿਤਨਾਮਾ ਸੀ। ਇਸ ਦੇ ਨਾਲ ਹੀ ਦਸਤਾਰ ਨੂੰ ਚੁਣ ਚੁਣ ਕੇ ਸਜਾਣ ਦਾ ਹੁਕਮ ਸੀ ਯਾਨਿ ਕਿ ਦਸਤਾਰ ਦਾ ਇਕ ਇਕ ਲੜ ਬੰਨਣਾ ਹੈ, ਇਸ ਨੂੰ ਟੋਪੀ ਦੀ ਤਰ੍ਹਾਂ ਸਿਰ ਤੇ ਨਹੀਂ ਰਖਣਾ ਹੈ। ਹਜ਼ੂਰੀ ਸਿੱਖ ਭਾਈ ਚਉਪਾ ਸਿੰਘ ਜੀ ਵੀ ਰਹਿਤਨਾਮੇ ਵਿਚ ਲਿਖਦੇ ਹਨ, "ਜੋ ਪੱਗ ਨੂੰ ਬਾਸੀ ਰਖੇ, ਸੋ ਤਨਖਾਹੀਆ।........." ਇਸੇ ਗੱਲ ਨੂੰ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਅੰਕਤ ਕੀਤਾ ਗਿਆ ਹੈ,

*ਪਹਿਰ ਕਛਹਿਰੇ ਸਿਰ ਬੰਧਯੋ ਪਾਗ, ਗੁਰ ਗ੍ਰੰਥ ਬਚਨ ਪਰ ਰਹਯੋ ਲਾਗ ॥੧੪॥*
*ਦੋਇ ਵੇਲੇ ਉਠ ਬੰਧਯੋ ਦਸਤਾਰੇ, ਪਹਰ ਆਠ ਰਖੱਯੋ ਸ਼ਸਤ੍ਰ ਸੰਭਾਰੇ।.....*
*ਕੇਸਨ ਕੀ ਕੀਜੋ ਪ੍ਰਤਿਪਾਲ, ਨਹਿ ਉਸਤ੍ਰਨ ਸੋ ਕਟਯੋ ਬਾਲ॥ ੧੮॥*

ਰਹਿਤਨਾਮਾ ਭਾਈ ਚਉਪਾ ਸਿੰਘ ਜੀ ਦਾ ਸਿੱਖ ਲਈ ਇਕ ਬਚਨ ਹੈ, "ਲਕੋਂ ਸਿਰੋਂ ਨੰਗਾ ਨਾ ਹੋਇ। ਪਗੜੀ ਤਕੜੀ ਬੰਨੇ। ਜੈਸੇ ਸ਼ੇਰ ਅਚੇਤ ਨਹੀਂ ਰਹਿੰਦਾ।...... " ਇਸ ਰਹਿਤਨਾਮੇ ਵਿਚ ਦਸਤਾਰ ਹਰ ਸਮੇਂ ਅਤੇ ਤਕੜੀ ਬੰਨਣ ਦੀ ਰਮਜ਼ ਹੈ। ਇਕ ਵਾਰ ਦਮਦਮੀ ਟਕਸਾਲ ਦੇ ਮੁਖੀ ਗਿ. ਕਰਤਾਰ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਪਟਨਾ ਸਾਹਿਬ ਆਏ ਤਾਂ ਇਕ ਗੁਰਸਿੱਖ ਭਾਈ ਮਹਿੰਦਰ ਸਿੰਘ ਭੰਡਾਰੀ ਉਹਨਾਂ ਨੂੰ ਕਹਿਣ ਲਗੇ, ਬਾਬਾ ਜੀ ਤੁਸੀਂ ਕਥਾ ਵਿਚ ਕੇਸਕੀ ਬਾਰੇ ਵੀ ਹਦਾਇਤ ਦਿਆ ਕਰੋ। ਬਾਬਾ ਕਰਤਾਰ ਸਿੰਘ ਜੀ ਕਹਿਣ ਲਗੇ ਕਿ ਭਾਈ ਤੂੰ ਦੋ ਮੀਟਰ ਦੀ ਕੇਸਕੀ ਬੰਨੀ ਹੈ ਮੈਂ ਤਾਂ ਸੱਤ ਸੱਤ ਮੀਟਰ ਦੀਆਂ ਦੋ ਦਸਤਾਰਾਂ ਬੰਨੀਆਂ ਹਨ ਅਤੇ ਰਾਤ ਸੌਣ ਲਗਿਆਂ ਵੀ ਦੋਵੇਂ ਬੰਨ ਕੇ ਹੀ ਸੌਂਦਾ ਹਾਂ ਪਰ ਮੈਂ ਇਸ ਨੂੰ ਕਕਾਰ ਨਹੀਂ ਕਹਿ ਸਕਦਾ। ਭੰਡਾਰੀ

ਜੀ ਕਹਿਣ ਲਗੇ, ਬਾਬਾ ਜੀ ਰਾਤ ਨੂੰ ਦਸਤਾਰ ਉਤਰ ਜਾਂਦੀ ਹੈ। ਬਾਬਾ ਜੀ ਨੇ ਮਲਕੜੇ ਜਹੇ ਮੁਸਕਰਾ ਕੇ ਬੜੇ ਹੀ ਭਾਵ ਪੂਰਤ ਅੰਦਾਜ਼ ਵਿਚ ਕਿਹਾ, 'ਭਾਈ ਚੇਤੰਨ ਹੋ ਕੇ ਸੌਇਆਂ ਕਰੋ।'

ਇਕ ਦਫ਼ਾ ਮਹਾਤਮਾ ਬੁੱਧ ਨੂੰ ਉਹਨਾਂ ਦੇ ਚੇਲੇ ਅਨੰਦ ਨੇ ਕਿਹਾ ਕਿ ਮੈਂ ਰਾਤ ਨੂੰ ਇਕ ਪਾਸੇ ਸੌਂਦਾ ਹਾਂ ਪਰ ਸਵੇਰ ਤੱਕ ਮੈਂ ਬਿਲਕੁਲ ਦੂਸਰੇ ਪਾਸੇ ਪਿਆ ਹੁੰਦਾ ਹਾਂ। ਬੁੱਧ ਜੀ ਨੇ ਕਿਹਾ 'ਜਾਗ ਕੇ ਸੌਇਆਂ ਕਰ।' ਇਸੇ ਤਰ੍ਹਾਂ ਜੈਨ ਮਤ ਦੇ ਚੋਵੀਵੇਂ ਤੀਰਥਾਂਕਰ ਮਹਾਂਵੀਰ ਨੇ ਵੀ ਕਿਹਾ ਹੈ 'ਅਸੂਤਾ ਮੁਨੀ, ਸੂਤਾ ਅਮੁਨੀ' ਯਾਨਿ ਕਿ ਜਾਗਦਾ ਬੰਦਾ ਹੀ ਸੰਤ ਹੈ ਅਤੇ ਸੁੱਤਾ ਹੋਇਆ ਅਸੰਤ। ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਵੀ ਫ਼ਰਮਾਨ ਹੈ, *"ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥"(੭੨੬)*

'ਦਾਸਤਾਰ ਬੰਦੀ' ਜਾਂ 'ਰਸਮ ਪਗੜੀ' ਕਿਸੇ ਵਿਅਕਤੀ ਦੇ ਅਕਾਲ ਚਲਾਣਾ ਕਰ ਜਾਣ ਤੇ ਵਾਰਿਸ ਨੂੰ ਪੱਗ ਬੰਨ ਕੇ ਕੀਤੀ ਜਾਂਦੀ ਰਸਮ ਦਾ ਨਾਮ ਹੈ। ਔਪਰ ਸਰਬੰਸ ਦਾਨੀ ਕਲਗੀਧਰ ਪਿਤਾ ਨੇ ਚਮਕੌਰ ਦੀ ਜੰਗ ਵਿਚ ਇਹ ਦਸਤਾਰ, ਆਪਣੀ ਹਯਾਤੀ, ਆਪਣੀ ਜ਼ਿੰਦਗੀ ਵਿਚ ਹੀ ਭਾਈ ਸੰਗਤ ਸਿੰਘ ਦੇ ਸੀਸ ਤੇ ਸਜਾ ਕੇ ਪੰਥ ਗੁਰੂ ਦੇ ਸੰਕਲਪ ਅਤੇ ਤਸੱਵਰ ਨੂੰ ਪ੍ਰਤੱਖ ਕਰ ਵਿਖਾਇਆ। ਗੁਰੂ ਕਲਗੀਧਰ ਪਿਤਾ ਨੂੰ ਪਤਾ ਸੀ ਕਿ ਉਹਨਾਂ ਦੀ ਦਸਤਾਰ ਬੰਦੀ ਤੇ ਇਹ ਸਾਹਿਬਜ਼ਾਦੇ ਵੀ ਨਹੀਂ ਰਹਿਣੇ। 'ਰਿਹਾ ਗਿੱਠਾ ਨਾਲ ਪੁੱਤਾਂ ਦੀਆਂ ਮਿਣੇ ਪਿੰਨੀਆਂ, ਚੋਜੀ ਅੱਖਾਂ ਸਾਹਵੇਂ ਨਕਸ਼ਾ ਦੀਵਾਰ ਦਾ ਰਿਹਾ' (ਕੁੰਦਨ)। ਇਸ ਚੋਜ ਰਾਹੀਂ ਚੋਜੀ ਪ੍ਰੀਤਮ ਨੇ ਖੁਦ ਹੀ ਆਪਣੀ ਜ਼ਿੰਦਗੀ ਵਿਚ ਗੁਰੂ ਖਾਲਸੇ ਨੂੰ ਆਪਣਾ ਵਾਰਸ ਮੁਕਰੱਰ ਕਰ ਵਿਖਾਇਆ । ਇਸ ਅਦੁੱਤੀ ਸੰਕਲਪ ਨੂੰ ਗੁਰੂ ਸਾਹਿਬ ਨੇ ਸ੍ਰੀ ਹਜ਼ੂਰ ਸਾਹਿਬ ਵਿਚ ਜੋਤ ਗ੍ਰੰਥ ਵਿਚ ਅਤੇ ਸਰੀਰ ਪੰਥ ਵਿਚ ਕਹਿ ਕੇ ਖਾਲਸੇ ਨੂੰ ਸੰਪੂਰਨਤਾ ਬਖਸ਼ ਕੀਤੀ।

ਹੁਣ ਇਸ ਤਰੀਕੇ ਨਾਲ ਕਿਸੇ ਵੀ ਸਿੱਖ ਦੇ ਸਿਰ ਤੇ ਸਜੀ ਹੋਈ ਇਹ ਦਸਤਾਰ ਗੁਰੂ ਦੀ ਆਪਣੀ ਦਸਤਾਰ ਹੈ। ਹਰ ਸਿੱਖ ਗੁਰੂ ਦੀ ਦਸਤਾਰ ਧਾਰਨ ਕਰਨ ਦਾ ਸੁਭਾਗ ਪ੍ਰਾਪਤ ਕਰਦਾ ਹੈ। ਸੋ ਇਸ ਦੀ ਇੱਜ਼ਤ, ਹਿਫ਼ਾਜ਼ਤ, ਅਜ਼ਮਤ, ਸਤਿਕਾਰ ਅਤੇ ਸੰਭਾਲ ਸਿੱਖ ਦਾ ਹੱਕ ਵੀ ਹੈ ਅਤੇ ਫ਼ਰਜ਼ ਵੀ।

*ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥*
*ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥*
*ਸਦਾ ਅਨੰਦੁ ਕਰੇ ਆਨੰਦੀ ॥*
*ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ ॥ ੧੩ ॥*
(ਗੁਰੂ ਗ੍ਰੰਥ ਸਾਹਿਬ ਪੰਨਾ : ੧੦੭੩)

ਗੁਰਮਤਿ ਦੇ ਸੰਕਲਪ ਅਨੁਸਾਰ ਵਾਹਿਗੁਰੂ ਦਾ ਸਰਗੁਣ ਸਰੂਪ ਵੀ *"ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥" (੭੨੭)* ਵਾਲਾ ਹੈ। *"ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥" (੧੩੭੨)* ਤਾਹੀਂ ਤਾਂ ਕਰਤਾ ਪੁਰਖ ਨੇ ਗੁਰੂ ਸਾਹਿਬ ਨੂੰ ਇਸ ਦਸਤਾਰ ਦੀ ਬਖਸ਼ਿਸ਼ ਕੀਤੀ ਅਤੇ ਅੱਗੇ ਗੁਰੂ ਪਾਤਸ਼ਾਹ ਨੇ ਗੁਰਸਿੱਖਾਂ ਦੇ ਸੀਸ ਤੇ ਸਜਾਈ। *"ਸਾਬਤ ਸੂਰਤ ਦਸਤਾਰ ਸਿਰਾ"* ਵਾਲਾ ਮਾਲਕ ਹੀ ਦਸਤਾਰ, ਦੁਮਾਲੇ, ਸਿਰਪਾਉ ਦੀ ਰਹਿਮਤ ਕਰ ਸਕਦਾ ਹੈ। ਗੁਰੂ ਸਾਹਿਬ ਹੁਕਮ ਕਰਦੇ ਹਨ,

*ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ॥ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥*
*ਜਿ ਸਾਹਿਬ ਕੈ ਘਰਿ ਵਥੁ ਹੋਵੈ ॥ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ॥*
(ਗੁਰੂ ਗ੍ਰੰਥ ਸਾਹਿਬ ਪੰਨਾ : ੧੩੦੬)

ਸਿੱਖ ਦੀ ਦਸਤਾਰ ਦਾ ਇਹ ਰੁਤਬਾ, ਬੁਲੰਦੀ ਅਤੇ ਅਹਿਮੀਅਤ ਇਕ ਹੋਰ ਵਾਰਤਾ ਤੋਂ ਵੀ ਸਪੱਸ਼ਟ ਹੈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬਾਅਦ ਘਰੇਲੂ ਖਾਨਾ ਜੰਗੀ ਅਤੇ ਲਾਲ ਸਿੰਘ ਅਤੇ ਧਿਆਨ ਸਿੰਘ ਡੋਗਰੇ ਭਰਾਵਾਂ ਦੀ ਗੱਦਾਰੀ ਕਰਕੇ ੧੮੪੯ ਵਿਚ ਪੰਜਾਬ ਫ਼ਿਰੰਗੀਆਂ ਦੇ ਅਧੀਨ ਹੋ ਗਿਆ। ਸ੍ਰੀ ਹਰਿਮੰਦਿਰ ਸਾਹਿਬ ਦੇ ਮਹੰਤ ਇੱਥੋਂ ਦੇ ਮਾਲਿਕ ਹੀ ਬਣ ਬੈਠੇ ਤਾਂ ਇਸ ਵਿਵਾਦ ਨੂੰ ਹੱਲ ਕਰਨ ਲਈ ੧੫ ਸਿਤੰਬਰ, ੧੮੫੯ ਨੂੰ ਦਸਤੂਰ-ਅਲ-ਅਮਲ ਨਾਮ ਦਾ ਇਕ ਪ੍ਰਬੰਧਕੀ ਪਰਚਾ ਜਾਰੀ ਕੀਤਾ। ਇਸ ਵਿਚ ਮੁੱਖ ਸਵਾਲ ਇਹ ਸੀ ਕਿ ਗੁਰੂ ਰਾਮ ਦਾਸ ਜੀ ਦੀ ਇਸ ਮਹਾਨ ਵਿਰਾਸਤ ਦਾ ਅਸਲੀ ਵਾਰਿਸ ਕੌਣ ਹੈ। ਇਹ ਕਿਤਨੀ ਅਹਿਮ ਗੱਲ ਹੈ ਕਿ ਗੁਰੂ ਦੀ ਦਸਤਾਰ ਜਾਂ ਫ਼ਿਰ ਗੁਰੂ ਦਾ ਵਾਰਿਸ ਜਾਂ ਮਲਕੀਅਤੀ ਦਾ ਹੱਕਦਾਰ ਸਤਿ ਸ੍ਰੀ ਅਕਾਲ ਪੁਰਖ ਜੀ ਕੇ ਖਾਲਸੇ ਗੁਰੂ ਪੰਥ ਨੂੰ ਪ੍ਰਵਾਨਿਆ ਗਿਆ। ਉਸ ਸਮੇਂ ਜਾਰੀ ਕੀਤੇ ਇਸ ਕਾਨੂੰਨੀ ਪਰਚੇ ਵਿਚ ਅੰਕਤ ਇਹ ਫ਼ੈਸਲਾ ਬਹੁਤ ਹੀ ਮਹੱਤਵ ਪੂਰਣ ਹੈ,

> **"ਕਿ ਦਰਬਾਰ ਸਹਿਬ ਦੀ ਮਲਕੀਅਤ ਕੇਵਲ ਅਤੇ ਕੇਵਲ ਗੁਰੂ ਰਾਮ ਦਾਸ ਦੀ ਹੈ, ਕਿਸੇ ਹੋਰ ਵਿਅਕਤੀ ਦਾ ਦਾਅਵਾ ਜਾਂ ਮਲਕੀਅਤ ਨਹੀਂ ਹੈ। ਗੁਰੂ ਰਾਮ ਦਾਸ ਦੀ ਵਿਰਾਸਤ ਜਾਂ ਚੇਲੇ ਹੋਣ ਦਾ ਦਾਅਵਾ ਸਮੂਹ ਖਾਲਸਾ ਪੰਥ ਨੂੰ ਹੈ। ਪੁਜਾਰੀ ਜਾਂ ਹੋਰ ਆਪਣਾ ਮਿਹਨਤਾਨਾ ਉਜ਼ਰਤ ਵਜੋਂ ਪ੍ਰਾਪਤ ਕਰਦੇ ਹਨ।"**

ਖਾਲਸਾ ਗੁਰੂ ਦਾ ਨਿਜ ਰੂਪ ਹੈ। ਗੁਰੂ ਸਾਹਿਬ ਨੇ ਵੀ ਹੁਕਮ ਕੀਤਾ ਹੈ *"ਖਾਲਸਾ ਮੇਰੋ ਰੂਪ ਹੈ ਖਾਸ।"* ਇਹ ਰੂਪ ਸਾਬਤ ਸੂਰਤ ਦਸਤਾਰ ਸਿਰਾ ਵਾਲਾ ਹੀ ਹੋ ਸਕਦਾ ਹੈ। ਟੋਪੀ ਵਾਲਾ ਕਦਾਚਿਤ ਨਹੀਂ। ਇਹ ਸੋਚਣਾ ਵੀ ਤੌਹੀਨੇ ਰਿਸਾਲਤ, ਈਸ ਨਿੰਦਾ, ਗੁਰੂ ਪਾਤਸ਼ਾਹ ਦੀ ਨਿਰਾਦਰੀ ਹੈ।

ਪਰ ਲਗਭਗ ਇਸੇ ਸਮੇਂ ਹੀ ਸਿੱਖਾਂ ਨੂੰ ਦਸਤਾਰ ਵਿਹੀਣ ਕਰਣ ਦੀ ਕੋਝੀ ਸਾਜ਼ਿਸ਼ ਅਧੀਨ 'ਪਗੜੀ ਧਾਰੀ' ਸਵਾਮੀ ਦਯਾ ਨੰਦ ਜੀ ਸਰਸਵਤੀ ਨੇ ਬਹੁ ਚਰਚਿਤ ਅਤੇ ਵਿਵਾਦਤ ਪੁਸਤਕ 'ਸਤਯਾਰਥ ਪ੍ਰਕਾਸ਼' ਰਾਹੀਂ ਕਰੂਰ ਕੋਪ ਦ੍ਰਿਸ਼ਟੀ ਪਾਉਂਦਿਆਂ ਗੁਰੂ ਦੀ ਇਸ ਦਸਤਾਰ ਅਤੇ ਕਕਾਰਾਂ ਬਾਰੇ ਨਿਰਰਥਕ ਰਾਇ ਦੇਣ ਦੀ ਹਿਮਾਕਤ ਕੀਤੀ ਕਿ ਇਹ ਦਸਤਾਰ ਅਤੇ ਕਕਾਰ ਵਕਤ ਦੇ ਮੁਤਾਬਿਕ ਸਨ ਅਤੇ ਹੁਣ ਇਹਨਾਂ ਦੀ ਜ਼ਰੂਰਤ ਨਹੀਂ ਰਹੀ। ਆਪ ਜੀ ਵਲੋਂ ਸਥਾਪਤ ਆਰਯਾ ਸਮਾਜ ਨੇ ਵੀ ਆਪਣੇ ਪਰਚੇ 'ਆਰਯਾ ਸਮਾਚਾਰ' ਵਿਚ ਗੁਰੂ ਦੀ ਇਸ ਦਸਤਾਰ ਦੀ ਤੌਹੀਨ ਕਰਦਿਆ ਇੱਥੋਂ ਤੱਕ ਲਿਖ ਦਿੱਤਾ,

*ਨਾਨਕ ਸ਼ਾਹ ਫ਼ਕੀਰ ਨੇ ਨਯਾ ਚਲਾਇਆ ਪੰਥ*
*ਇਧਰ ਉਧਰ ਸੇ ਜੋੜ ਕਰ ਲਿਖ ਮਾਰਾ ਇਕ ਗ੍ਰੰਥ*
*ਪਹਿਲੇ ਚੇਲੇ ਕਰ ਲੀਏ, ਪੀਛੇ ਬਦਲਾ ਭੇਸ*
*ਸਰ ਪਰ ਸਾਫ਼ਾ ਬਾਂਧ ਕੇ ਰਖ ਲੀਨੇ ਸਭ ਕੇਸ।*

ਇਸ ਤੋਂ ਬਾਅਦ ਪੰਜਾਬ ਦੀਆਂ ਗਲੀਆਂ ਵਿਚ ਇਕ ਆਵਾਜ਼ ਗੂੰਜੀ ਸੀ, "ਪਗੜੀ ਸੰਭਾਲ ਜੱਟਾ"। ਪਰ ਅੱਜ ਫ਼ਿਰ ਲਗਭਗ ਉਹਨਾਂ ਹੀ ਲੀਹਾਂ ਤੇ ਚਲਦਿਆਂ 'ਰਾਸ਼ਟਰੀ? ਸਿੱਖ? ਸੰਗਤ?' ਨਾਮ ਦੀ ਸੰਸਥਾ ਨੇ ਵੀ ਆਪਣੀਆਂ ਲਿਖਤਾਂ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਸਵੀਰਾਂ ਰੂਹਾਨੀਆ ਦੇ ਚਿੰਨ੍ਹ ਪ੍ਰਕਾਸ਼ ਚੱਕਰ ਦੇ ਬਿਨਾ ਹੀ ਛਾਪ ਕੇ ਵੱਡੀ ਗਿਣਤੀ ਵਿਚ ਪੰਜਾਬ ਦੇ ਪਿੰਡਾਂ ਵਿਚ ਵੰਡੀਆਂ ਹਨ। ਇਹ ਸਿੱਖ ਚੇਤੰਨਤਾ ਨੂੰ ਪਰਖਣ ਦਾ ਇਕ ਪੈਮਾਨਾ ਹੈ। ਜੇਕਰ ਇਹ ਗੱਲ ਬਹੁਤੇ ਵਿਰੋਧ ਦੇ ਬਿਨਾ ਹੀ ਪ੍ਰਵਾਨ ਹੋ ਗਈ ਤਾਂ ਦਸਤਾਰ ਵਿਹੀਨ ਗੁਰੂ ਸਾਹਿਬ ਦੀਆਂ ਤਸਵੀਰਾਂ ਆਉਣ ਵਿਚ ਦੇਰੀ ਨਹੀਂ ਲਗੇਗੀ। ਇਸ ਸਿਲਸਿਲੇ ਵਿਚ ਭਾਈ ਮਤੀ ਦਾਸ ਜੀ ਦੀ ਬਿਨਾ ਦਸਤਾਰ ਦੇ ਮੁੰਨੀ ਹੋਈ ਦਾੜ੍ਹੀ ਵਾਲੀ ਤਸਵੀਰ ਪਿੱਛੇ ਜਹੇ ਪ੍ਰਚਲਤ ਕਰਣ ਦੀ ਹਰਕਤ ਵੀ ਕੀਤੀ ਗਈ ਸੀ।

ਇਹ ਦੁਮਾਲਾ, ਦਸਤਾਰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਅਮਾਨਤ ਹੈ। ਤੇ ਅੱਜ ਤੂੰ ਇਸ ਦੀ ਥਾਵੇਂ ਟੋਪੀ ਪਾ ਕੇ ਫ਼ਖਰ ਮਹਿਸੂਸ ਕਰ ਰਿਹਾ ਹੈਂ? ਪਰ ਲਗਦਾ ਹੈ ਕਿ ਤੂੰ ਸਵਾਮੀ ਜੀ ਦੀ ਇਸ ਗੁਰੂ ਵਿਰੋਧੀ ਰਾਇ ਨੂੰ ਪ੍ਰਵਾਨ ਕਰ ਲਿਆ ਹੈ। ਯਕੀਨ ਜਾਣ ਤੇਰਾ ਇਹ ਕਦਮ ਨਿਰੀ ਅਕਿਰਤਘਣਤਾ ਹੀ ਕਹੀ ਜਾ ਸਕਦੀ ਹੈ।

ਗੁਰਮਤਿ ਦੇ ਖੋਜੀ ਲਿਖਾਰੀ ਗਿ. ਊਧਮ ਸਿੰਘ ਜੀ ਨੇ ਆਪਣੀ ਪੁਸਤਕ 'ਗੁਰੂ ਨਾਨਕ ਜੀਵ ਇਕ ਨਵੀਂ ਖੋਜ' ਵਿਚ ਕੇਸੋ ਦਾਸ ਕੁਸਲ ਦਾਸ

ਕ੍ਰਿਤ ਇਕ ਪੁਰਾਣੀ ਹੱਥ ਲਿਖਤ ਦਾ ਹਵਾਲਾ ਦਿੱਤਾ ਹੈ ਜੋ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪਈ ਹੈ। ਇਸ ਵਿਚ ਅੰਕਤ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੀ ਦਾਤ ਦੇਣ ਲਈ ਉਹਨਾਂ ਨੂੰ 'ਪੋਥੀ ਅਤੇ ਮਾਲਾ' ਯਾਨਿ ਕਿ ਬਾਣੀ ਅਤੇ ਸੇਲੀ ਬਖਸ਼ੀ।

ਅੰਗਦ ਅੰਗ ਲਗਾਇ ਕਾਨ ਮੰਤ੍ਰ ਦੀਓ।
ਪੋਥੀ ਮਾਲਾ ਬਖਸ਼ ਥਾਪ ਸਤਿਗੁਰ ਕੀਓ।
ਥਾਪੀ ਪਿਸਟ ਲਗਾਇ ਹਾਥ ਸਿਰ ਧਾਰਿਉ।
ਕੀਨੋ ਆਪ ਸਮਾਨ ਤਖਤ ਬੈਠਾਇਉ।
ਅੰਗਦ ਜੋਤਿ ਜਗਾਇ ਜਗਤ ਪ੍ਰਗਟ ਕਰੀ।
ਸੰਗਤ ਸੇਵਕ ਸਿਖ ਸਰਬ ਪਾਇਨ ਪਰੇ।
ਸਕਲ ਜਗਤ ਜੈਕਾਰ ਸ੍ਰੀ ਗੁਰੂ ਕੋ ਕਰੇ।੪।

ਇਥੇ ਗੁਰਿਆਈ ਦੇਣ ਲੱਗਿਆਂ ਪੋਥੀ ਅਤੇ ਮਾਲਾ ਦਾ ਜ਼ਿਕਰ ਹੈ। ਇਸੇ ਤਰ੍ਹਾਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਦੇ ਬਾਅਦ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਦੋਂ ਮਸੰਦ ਗੁਰਿਆਈ ਦੀ ਰਸਮ ਸਮੇਂ ਸੇਲੀ ਲੈ ਕੇ ਆਏ ਤਾਂ ਬਾਲ ਗੁਰੂ ਜੀ ਨੇ ਕਿਹਾ ਕਿ ਇਹ ਕੀ ਲੈ ਆਏ ਹੋ? ਭਾਈ ਸੰਤੋਖ ਸਿੰਘ ਜੀ ਵੀ ਜ਼ਿਕਰ ਕਰਦੇ ਹਨ;

ਸੇਲੀ ਮਾਲਾ ਮੰਜੀ ਲਿਆਏ।
ਆਗੇ ਧਰੀ ਗੁਰੂ ਕੇ ਆਏ॥੨੬॥
ਬੁੱਢਾ ਸਨਮੁਖ ਥਿਰਓ ਨਿਹਾਰਾ।
ਸਭਿ ਸੁਨਾਇ ਤਿਹ ਸੰਗ ਉਚਾਰਾ॥੨੭॥
'ਇਹ ਮਸੰਦ ਅਬਿ ਕਿਆ ਲੇ ਆਏ।
ਅਜਹੂੰ ਨ ਜਾਨਹਿ ਸਹਿਜ ਸੁਬਾਇ॥

ਇਸ ਬਾਰੇ ਪ੍ਰਿ. ਸਤਿਬੀਰ ਸਿੰਘ ਜੀ ਆਪਣੀ ਪੁਸਤਕ 'ਰਬਾਬ ਤੋਂ ਨਗਾਰਾ' ਦੇ ਪੰਨਾ ੧੩੯ ਤੇ ਲਿਖਦੇ ਹਨ;

"ਭੋਗ ਉਪਰੰਤ ਮਸੰਦ ਕਾਲੀ ਉਨ ਦੀ ਰੱਸੀ (ਸੇਲੀ) ਤੇ ਪੋਥੀ ਲੈ ਆਏ ਤਾਂ ਮਹਾਜਾ ਨੇ ਬੁੱਢਾ ਜੀ ਨੂੰ ਕਿਹਾ ਕਿ ਤੁਸੀਂ ਦੱਸੋ ਕਿ ਇਹ ਰੀਤ ਨਿਭਾਉਣੀ ਹੈ ਜਾਂ ਉਹ ਜੋ ਅਕਾਲ ਪੁਰਖ ਨੇ ਬਚਨ ਕੀਤਾ ਹੈ, ਤੇ ਫੁਲ ਚਾੜ੍ਹਨੇ ਹਨ।

ਬਾਬਾ ਬੁੱਢਾ ਜੀ ਇਹ ਬਚਨ ਸੁਣ ਕੇ ਖੁਸ਼ ਹੋਏ 'ਤੇ ਪੁੱਛਿਆ ਕਿ ਇਹਨਾਂ ਵਸਤਾਂ ਦਾ ਕੀ ਕਰਨਾ ਹੈ ਤਾਂ ਮਹਾਰਾਜ ਨੇ ਕਿਹਾ ਕਿ ਇਹ

ਤੋਸ਼ੇਖ਼ਾਨੇ ਰੱਖ ਦਿਉ। ਵਸਤਾਂ ਤੋਸ਼ੇਖ਼ਾਨੇ ਪਹੁੰਚਾ ਦਿੱਤੀਆਂ ਤੇ ਆਪ ਜੀ ਨੇ ਸਿਰ ਤੇ ਦਸਤਾਰ ਸਜਾਈ ਤੇ ਜਦ ਸੀਸ ਦਸਤਾਰ ਸਜਾਈ ਤਾਂ ਇੰਜ ਪ੍ਰਤੀਤ ਹੋਵੇ ਜਿਵੇਂ ਪ੍ਰਮਾਤਮਾ ਦਾ ਰੂਪ ਹੀ ਸਾਹਮਣੇ ਬੈਠਾ ਹੈ।

ਸ੍ਰੀ ਗੁਰੂ ਪਗ ਬਧੀ ਨਿਜ ਸੀਸ।
ਦਿਖ ਸਭ ਹੀ ਜਾਨ ਨਿਜ ਈਸ।"

ਇਸ ਤੋਂ ਬਾਅਦ ਦ੍ਰਿੜ੍ਹਤਾ ਨਾਲ ਹੁਕਮ ਕੀਤਾ ਕਿ ਬਾਬਾ ਜੀ ਤਿਆਗ ਅਤੇ ਅਧਿਆਤਮਕਤਾ ਦੀ ਨਿਸ਼ਾਨੀ ਇਸ ਸੇਲੀ ਦੀ ਥਾਂ ਤੇ ਸ੍ਰੀ ਸਾਹਿਬ ਪਹਿਨਾ ਦਵੋ। ਬਾਬਾ ਬੁੱਢਾ ਜੀ ਨੇ ਪੁੱਛਿਆ ਕਿ ਇਸ ਸੇਲੀ ਦਾ ਕੀ ਕਰੀਏ ਤਾਂ ਸਾਹਿਬਾਂ ਨੇ ਮੁਸਕਰਾ ਕੇ ਹੁਕਮ ਕੀਤਾ ਕਿ ਇਸਨੂੰ ਤੋਸ਼ੇ ਖਾਨੇ ਵਿਚ ਰਖਵਾ ਦਿਉ।

ਸੁਨਿ ਬ੍ਰਿਧ ਤੇ ਸਤਿਗੁਰ ਮੁਸਕਾਏ।
ਸੇਲੀ ਮਾਲ ਮਸੰਦ ਜੋ ਲਿਆਏ।...
ਤੋਸ਼ੇ ਖਾਨ ਮਹਿੰ ਤਬਿ ਧਰੀ।

ਸਾਰੀ ਸੰਗਤ ਵਿਸਮਾਦਿਤ ਅਤੇ ਚਕ੍ਰਿਤ ਹੋ ਗਈ ਜਦੋਂ ਬਾਬਾ ਜੀ ਨੇ ਹਜ਼ੂਰ ਨੂੰ ਸ੍ਰੀ ਸਾਹਿਬ ਪਹਿਨਾ ਦਿੱਤੀ। ਹਜ਼ੂਰ ਨੇ ਫ਼ਿਰ ਬਚਨ ਕੀਤੇ ਕਿ ਇਸ ਪੀਰੀ ਦੀ ਹਿਫ਼ਾਜ਼ਤ ਅਤੇ ਰਾਖੀ ਲਈ ਮੀਰੀ ਦੀ ਨਿਸ਼ਾਨੀ ਹੁਣ ਦੂਸਰੇ ਪਾਸੇ ਇਕ ਹੋਰ ਸ੍ਰੀ ਸਾਹਿਬ ਧਾਰਣ ਕਰਵਾ ਦਵੋ। ਇਥੇ ਇਕ ਗੱਲ ਵਿਚਾਰਨ ਵਾਲੀ ਹੈ ਕਿ ਸਾਹਿਬਾਂ ਨੇ 'ਮੀਰੀ' ਜਾਂ ਰਾਜਨੀਤੀ ਦੀ ਕ੍ਰਿਪਾਨ ਪਹਿਨਣ ਤੋਂ ਪਹਿਲਾਂ 'ਪੀਰੀ' ਦੀ ਸ੍ਰੀ ਸਾਹਿਬ ਪਾਈ ਸੀ। ਪੀਰੀ ਜਾਂ ਮਾਲਾ ਗੁਰੂ ਘਰ ਵਿਚੋਂ ਨਿਕਲੀ ਨਹੀਂ ਬਲਕਿ ਇਸਦੇ ਨਾਲ ਇਸਦੀ ਰਾਖੀ ਲਈ ਮੀਰੀ ਜਾਂ ਤਾਕਤ ਆ ਗਈ। ***"ਧੰਨ ਜੀਉ ਤਹਿ ਕੋ ਜਗੁ ਮਹਿ ਮੁਖ ਤੇ ਹਰਿ ਚਿਤ ਮਹਿ ਜੁਧ ਬਿਚਾਰੇ॥"*** ਪੀਰੀ ਦੀ ਰਾਖੀ ਲਈ ਮੀਰੀ ਹੈ। ਸਿੱਖੀ ਦੇ ਅੰਦਰੂਨੀ ਸ਼ਿੰਗਾਰ ਤੋਂ ਕੋਰੇ ਰਾਜਨੀਤਕ ਲੋਕਾਂ ਲਈ ਧਰਮ ਅਤੇ ਰਾਜਨੀਤੀ ਇਕ ਹੈ ਦਾ ਨਾਅਰਾ ਕੇਵਲ ਪਖੰਡ ਮਾਤਰ ਹੀ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਵੀ ਬਾਬਰ ਨੇ ਕਿਹਾ ਸੀ ਕਿ ਬਾਬਾ! ਮੈਂ ਮੀਰੇ ਮੁਲਕ ਰਵ੍ਹਾਂ, ਤੂੰ ਪੀਰੇ ਮੁਲਕ ਹੋ ਜਾ। ਮੀਰੀ ਪੀਰੀ ਰਾਜ ਜੋਗ ਦੀ ਨਿਸ਼ਾਨੀ ਹੈ। *"ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥"(੨੧੧)* ਬਾਬਾ ਜੀ ਨੇ ਆਉਣ ਵਾਲੇ ਇਸ ਸਮੇਂ ਬਾਰੇ ਬਚਨ ਕੀਤੇ ਸਨ, ਮੀਰੀ ਅਤੇ ਪੀਰੀ ਗੁਰੂ ਘਰ ਵਿਚ ਹੀ ਰਹੇਗੀ।

ਇਸ ਪਿਛੋਕੜ ਵਿਚ ਇਹ ਨਿਰਵਿਵਾਦਤ ਰੂਪ ਵਿਚ ਸਪੱਸ਼ਟ ਹੋਇਆ ਕਿ ਰੂਹਾਨੀਅਤ ਦੇ ਨੁਕਤਾ ਨਿਗਾਹ ਤੋਂ ਇਹ ਦਸਤਾਰ ਜਾਂ ਪੱਗ ਕਿਤਨੀ ਪਾਕ ਪਵਿੱਤਰ ਅਤੇ ਕੀਮਤੀ ਹੈ। ਇਸਦੀ ਸਹੀ ਕੀਮਤ ਨਾ ਸਮਝਣੀ ਜਾਂ ਫ਼ਿਰ ਅਣਜਾਣੇ ਵਿਚ ਇਸ ਦੀ ਨਿਰਾਦਰੀ ਕਰ ਬੈਠਣੀ ਅਤੇ ਜਾਂ ਇਸ ਦਾ ਤਿਆਗ ਕਰ ਦੇਣਾ ਕਿਤਨਾ ਵੱਡਾ ਭਾਗਹੀਣ ਹੋਣਾ ਹੈ। ਇਸ ਲਈ ਆਸ ਹੈ ਕਿ ਤੂੰ ਇਸ ਵਾਰਤਾ ਰਾਹੀਂ ਸਹੀ ਪਰੀਪੇਖ ਵਿਚ ਵਿਚਰ ਸਕੇਂਗਾ। ਦਸਤਾਰ ਦੇ ਰੂਹਾਨੀ ਪੱਖ ਤੋਂ ਅਲਾਵਾ ਇਸਦੇ ਪੰਥਕ, ਇਤਿਹਾਸਕ ਅਤੇ ਸਮਾਜਕ, ਸਾਹਿਤਕ ਨਜ਼ਰੀਏ ਤੋਂ ਵੀ ਵਿਚਾਰ ਕਰਨਾ ਲਾਹੇਵੰਦ ਹੈ।

ਪੀਰੀ ਅਥਵਾ ਗੁਰਬਾਣੀ ਦੀ ਲਖਾਇਕ ਮਾਲਾ ਜਾਂ ਸੇਲੀ ਅਤੇ ਮੀਰੀ ਦੀ ਲਖਾਇਕ 'ਸ੍ਰੀ ਸਾਹਿਬ' ਹੀ ਬਾਅਦ ਵਿਚ ਸੰਪੂਰਨ ਇਨਸਾਨ ਦੇ ਤਸਵੱਰ 'ਸੰਤ ਸਿਪਾਹੀ' ਵਿਚ ਮੂਰਤੀਮਾਨ ਹੋਈ। ਕਲਗੀਧਰ ਪਿਤਾ ਨੂੰ ਵੀ ਸਿੱਖਾਂ ਨੇ ਪੁੱਛਿਆ ਸੀ ਕਿ ਸੱਚੇ ਪਾਤਸ਼ਾਹ ਖਾਲਸੇ ਨੂੰ ਕਿਸ ਦੇ ਲੜ ਲਾ ਕੇ ਜਾ ਰਹੇ ਹੋ? ਹਜ਼ੂਰ ਨੇ ਹੁਕਮ ਕੀਤਾ ਸੀ ਤਿੰਨ ਉਟਾਂ ਖਾਲਸੇ ਨੂੰ ਹਨ। ਗੁਰਬਾਣੀ, ਸੰਗਤ ਅਤੇ ਕ੍ਰਿਪਾਨ ਦੀ।

ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਵਿਚ ਪਿਤਾ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨੂੰ ਅਦੁੱਤੀ ਸ਼ਹਾਦਤ ਬਿਆਨ ਕੀਤਾ ਹੈ ਕਿਉਂਕਿ ਇਹ ਕਿਸੇ ਦੂਸਰੇ ਦੇ ਧਾਰਮਿਕ ਅਸੂਲਾਂ, ਉਹਨਾਂ ਦੇ ਤਿਲਕ ਅਤੇ ਜੰਞੂ ਦੇ ਹੱਕ ਨੂੰ ਕਾਇਮ ਰਖਣ ਖਾਤਿਰ ਕੀਤੀ ਸ਼ਹਾਦਤ ਸੀ। ਜਿਸ ਸਮੇਂ ਇਹ ਮਹਾਨ ਸਾਕਾ ਹੋਇਆ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕੇਵਲ ਨੌ ਸਾਲ ਦੀ ਹੀ ਸੀ। ਐਪਰ ਖਾਲਸੇ ਦੀ ਸਾਜਨਾ ੧੬੯੯ ਤੋਂ ਪਹਿਲਾਂ ਗੁਰੂ ਸਾਹਿਬ ਤੇ ਬਾਰ ਬਾਰ ਹਮਲਾ ਕਰਨ ਵਾਲੇ ਫ਼ਤਹ ਸ਼ਾਹ ਆਦਿ ਪਹਾੜੀ ਰਾਜੇ ਹੀ ਸਨ। ਸੋ ਇਕ ਪਾਸੇ ਸਿੱਖੀ ਦੇ ਇਸ ਬੂਟੇ ਨੂੰ ਨੇਸਤੋ-ਨਾਬੂਦ ਕਰ ਦੇਣ, ਸ਼ਹੀਦ ਕਰ ਦੇਣ ਦੇ ਅਜ਼ਮ ਅਤੇ ਇਰਾਦੇ ਵਾਲੇ 'ਪਿਤ੍ਰੀ ਅਤੇ ਭ੍ਰਾਤਰੀ ਵਧਕ' ਔਰੰਗਜ਼ੇਬ ਵਰਗੇ ਜ਼ਾਲਮ ਬਾਦਸ਼ਾਹ ਦਾ ਪ੍ਰਚੰਡ ਪ੍ਰਤਾਪ ਸੀ ਜਿਸਨੇ ਸਰਮਦ ਵਰਗੇ ਫ਼ਕੀਰਾਂ ਅਤੇ ਆਪਣੇ ਪਿਤਾ ਅਤੇ ਭਰਾਵਾਂ ਤੱਕ ਨੂੰ ਨਹੀਂ ਸੀ ਬਖਸ਼ਿਆ ਅਤੇ ਦੂਸਰੇ ਪਾਸੇ ਜਾਤ ਅਭਿਮਾਨੀ ਪਹਾੜੀ ਰਾਜੇ ਅਤੇ ਬ੍ਰਾਹਮਣ ਵਾਦ ਦਾ ਗੱਠ ਜੋੜ ਸੀ ਜੋ ਕਿ ਸਿੱਖੀ ਦੀ ਆਜ਼ਾਦ ਹੋਂਦ ਨੂੰ ਪ੍ਰਵਾਨਗੀ ਦੇਣ ਤੋਂ ਹੀ ਮੁਨਕਰ ਸੀ। ਇਕ ਸਿੱਖੀ ਦੀ ਹੋਂਦ ਨੂੰ ਮੁਕਾ ਦੇਣ ਲਈ ਤਤਪਰ ਸੀ ਤੇ ਦੂਸਰਾ ਇਸ ਦੀ ਹੋਂਦ ਨੂੰ ਤਸਲੀਮ ਕਰਨ, ਮੰਨਣ ਤੋਂ ਹੀ ਇਨਕਾਰੀ ਸੀ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਪਹਿਲਾਂ ਹੀ ਨਿਰਣਾ ਕਰ ਦਿੱਤਾ ਸੀ.

ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥੧॥
ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥੩॥
(੧੧੫੯)

ਪਰ ੧੬੯੯ ਦੀ ਇਤਿਹਾਸਕ ਵਿਸਾਖੀ ਵਾਲੇ ਦਿਨ ਇਕ ਵਾਰ ਫ਼ਿਰ ਗੁਰੂ ਗੋਬਿੰਦ ਸਿੰਘ ਜੀ ਨੇ ਕੇਸੋ ਦਾਸ ਪੰਡਤ ਨੂੰ ਮੁਖਾਤਬ ਕਰਕੇ "ਜੋ ਕੁਛ ਲੇਖ ਲਿਖਿਉ ਬਿਧਨਾ ਸੋਈ ਪਾਇਅਤ ਮਿਸ੍ਰ ਜੁ ਸ਼ੋਕ ਨਿਵਾਰੋ" ਕਹਿ ਕੇ ਸਪੱਸ਼ਟ ਕਰ ਦਿੱਤਾ ਸੀ,

*ਜਬ ਲਗ ਖਾਲਸਾ ਰਹੇ ਨਿਆਰਾ,*
*ਤਬ ਲਗ ਤੇਜ ਦਿਯੋ ਮੈਂ ਸਾਰਾ।*
*ਜਬ ਇਹ ਗਹੇਂ ਬਿਪ੍ਰਨ ਕੀ ਰੀਤ,*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਹੁਣ ਸਤਿਗੁਰੂ ਸੱਚੇ ਪਾਤਸ਼ਾਹ ਦੇ ਇਹ ਸਪੱਸ਼ਟ ਹੁਕਮ ਦੀ ਮੌਜੂਦਗੀ ਵਿਚ ਇਸਦੇ ਉਲਟ ਕਹੀ ਹੋਈ ਕੋਈ ਵੀ ਦਲੀਲ ਗੁਰਸਿੱਖ ਲਈ ਪ੍ਰਵਾਨ ਨਹੀਂ ਹੋ ਸਕਦੀ। *"ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥"* (੪੬੫) ਸੋ ਵਿਸਾਖੀ ਵਾਲੇ ਦਿਨ ਪ੍ਰਗਟ ਕੀਤੇ ਗਏ ਨਿਆਰੇ ਖਾਲਸੇ ਨੂੰ ਆਪਣੀ ਅਕਾਲੀ ਹੋਂਦ ਬਚਾਉਣ ਲਈ ਕੇਵਲ ਚਕ੍ਰ ਚਿਹਨ੍ਹ ਦੇ ਪਖੋਂ ਹੀ ਨਹੀਂ ਬਲਕਿ ਫ਼ਲਸਫ਼ੇ, ਦਰਸ਼ਨ ਅਤੇ ਸਿਧਾਂਤ ਦੇ ਪਖੋਂ ਵੀ ਬ੍ਰਾਹਮਣਵਾਦ ਦੇ ਅਸਿੱਧੇ ਅਤੇ ਜ਼ਾਲਮ ਹਕੂਮਤ ਦੇ ਸਿੱਧੇ ਪਰਭਾਵ ਨਾਲ ਜੂਝਣਾ ਪਿਆ। ਪਰ ਖਾਲਸੇ ਨੇ ਚਰਖੜੀਆਂ, ਰੰਬੀਆਂ, ਦੇਗਾਂ, ਤਵੀਆਂ, ਛਵੀਆਂ, ਆਰੇ ਅਤੇ ਸਰਹਿੰਦ ਦੀਆਂ ਦੀਵਾਰਾਂ ਆਦਿ ਆਦਿ ਵਿਚੋਂ ਲੰਘ ਕੇ ਆਪਣੇ ਆਪ ਨੂੰ ਅਬਿਨਾਸ਼ੀ ਬਣਾ ਲਿਆ ਹੈ। *"ਬਾਬੇ ਕੇ ਬਾਬਰ ਕੇ ਦੋਊ"* ਦੇ ਗੁਰਵਾਕ ਅਨੁਸਾਰ ਇਹ ਸਿਲਸਿਲਾ ਅਜੇ ਮੁਕਿਆ ਨਹੀਂ ਹੈ। ਗੁਰੂ ਕੇ ਸਾਜੇ ਨਿਵਾਜੇ ਖਾਲਸੇ ਨੂੰ ਹੁਣ ਤੱਕ ਆਪਣੀ ਅਕਾਲੀ ਹੋਂਦ ਨੂੰ ਸਮਾਜਕ, ਧਾਰਮਿਕ ਅਤੇ ਕਾਨੂੰਨੀ ਮਾਨਤਾ ਦਵਾਣ ਲਈ ਸੰਘਰਸ਼ ਰਤ ਹੋਣਾ ਪੈ ਰਿਹਾ ਹੈ। ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਹੋਂਦ ਇਕ ਦੂਜੇ ਦੀ ਪੂਰਕ ਹੈ। ਗੁਰੂ ਪੰਥ ਦੀ ਨਿਰਾਲੀ ਅਤੇ ਨਿਆਰੇਪਨ ਦੀ ਗੱਲ ਕਰਨੀ ਗੁਰਮਤ ਸਿਧਾਂਤ ਦਾ ਮੁੱਢਲਾ ਫ਼ਰਜ਼ ਹੈ। ਗਰੂ ਕੇ ਸਿੱਖ ਦੇ ਸਿਰ ਤੇ ਸਜੀ ਹੋਈ ਦਸਤਾਰ ਉਸ ਨੂੰ ਆਪਣੇ ਮੁਰਸ਼ਦ, ਇਸ਼ਟ ਅਤੇ ਗੁਰੂ ਨਾਲ ਜੋੜਦੀ ਹੈ ਅਤੇ ਇਸ ਦਾ ਤਿਆਗ ਉਸ ਨੂੰ ਗੁਰੂ ਨਾਲੋਂ ਤੋੜਦਾ ਹੈ। ਦਸਤਾਰ ਉਤਾਰ ਦੇਣ ਦੇ ਨਾਲ ਕਿਸੇ ਨੇ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਨਹੀਂ ਜੋੜਨਾ। ਸੋ ਤੇਰਾ ਦਸਤਾਰ ਦੀ ਥਾਵੇਂ ਟੋਪੀ ਪਾ ਲੈਣਾ ਦਰਅਸਲ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਹੀ ਇਕ ਹਮਲਾ ਹੈ।

ਗੁਰੂ ਗੋਬਿੰਦ ਸਿੰਘ ਜੀ ਹਾਲੇ ਕੇਵਲ ਨੌ ਸਾਲ ਦੇ ਹੀ ਸਨ ਕਿ ਗੁਰਿਆਈ ਦਾ ਭਾਰ ਆਪ ਦੇ ਛੋਟੇ ਛੋਟੇ ਮੋਢਿਆਂ ਤੇ ਆ ਪਿਆ ਸੀ ਅਤੇ ਉਸ ਰੂਹਾਨੀ ਪਿਤਾ ਨੂੰ ਪਤਾ ਸੀ ਕਿ ਖਾਲਸੇ ਨੂੰ ਵੀ ਗੁਰਿਆਈ ਉਸਦੇ ਕੇਵਲ ਨੌਂ ਸਾਲ ਦੀ ਅਵਸਥਾ ਹੋ ਜਾਣ ਤੇ ਪ੍ਰਾਪਤ ਹੋ ਜਾਣੀ ਹੈ। ਸੋ ਇਸ ਨਵਜਾਤ ਨਿਆਰੇ ਖਾਲਸੇ ਦੀ ਹਸਤੀ ਨੂੰ ਜੁਗੋ ਜੁਗ ਅਟੱਲ ਅਮਰਤਾ ਪ੍ਰਦਾਨ ਕਰਨ ਲਈ ਇਸ ਨੂੰ ਬਾਹਰੀ ਅਤੇ ਅੰਦਰੂਨੀ ਝੱਖੜਾਂ ਅਤੇ ਹਮਲਿਆਂ ਤੋਂ ਬਚਾਉਣ ਲਈ ਤਗੜੀ ਵਾੜ ਅਤੇ ਕਰੜੇ ਜ਼ਾਬਤੇ ਅਤੇ ਮਰਯਾਦਾ ਦੀ ਲੋੜ ਸੀ। ਇਸ ਸਦੰਰਭ ਵਿਚ ਇਸ ਦੀ ਦਸਤਾਰ ਕਾਇਮ ਰੱਖਣ ਲਈ ਉਸ ਸਮੇਂ ਜਾਰੀ ਕੀਤੇ ਕੁਝ ਕੁ ਰਹਿਤਨਾਮੇ ਅਤੇ ਉਹਨਾਂ ਦਾ ਪਿਛੋਕੜ ਬਹੁਤ ਅਹਿਮ ਹੈ।

ਰਹਿਤਨਾਮੇ,

ਸਭ ਤੋਂ ਪਹਿਲਾਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਦਸਤਾਰ ਸੰਬਧੀ ਮੱਦ ਬੜੀ ਮਹੱਤਵ ਪੂਰਨ ਹੈ। "ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।" ਇਹ ਗੁਰੂ ਹੁਕਮਾਂ ਅਨੁਸਾਰ ਕੌਮ ਦੀ ਸਾਂਝੀ ਸੋਚ ਹੈ। ਰਹਿਤਾਂ, ਕੁਰਹਿਤਾਂ, ਕਕਾਰ, ਨਿਤਨੇਮ ਅਤੇ ਅੰਮ੍ਰਿਤ ਸੰਸਕਾਰ ਦੀਆਂ ਪੰਜ ਬਾਣੀਆਂ ਜਾਂ ਸਿੱਖ ਰਹਿਤ ਮਰਯਾਦਾ ਦੇ ਵਿਰੁੱਧ ਹੁੱਜਤਾਂ ਕਰਨੀਆਂ ਸਾਂਝੀ ਪੰਥਕ ਸੋਚ ਨਾਲੋਂ ਨਿਜ ਸੋਚ ਨੂੰ ਉੱਤਮ ਜਾਣਨਾ ਅਤੇ ਹੁੱਜਤ ਨਾਲੋਂ ਵੱਧ ਕੁਝ ਵੀ ਨਹੀਂ ਮੰਨੀ ਜਾ ਸਕਦੀ। "***ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥***" (੪੭੪)

ਕਰਮ ਕਾਂਡ ਦੇ ਸੋਮੇ ਸਿਮ੍ਰਤੀਆਂ ਦੇ ਮੁਤਾਬਿਕ ਸਿਰ ਨੰਗੇ ਸਿਰ ਰਹਿਣ ਅਤੇ ਭੋਜਨ ਕਰਨ ਦਾ ਦੈਵੀ ਵਿਧਾਨ ਹੈ। ਯਥਾ ਮਨੂੰ ਸਿਮ੍ਰਤੀ ਅਧਯਾਇ ਤਿੰਨ ਦੇ ਮੁਤਾਬਕ ਰੋਟੀ ਕੇਵਲ ਨੰਗੇ ਸਿਰ ਖਾਣ ਦਾ ਹੀ ਹੁਕਮ ਹੈ,

> **ਯਦਵੇਸ਼ਿਟਤ ਸ਼ਿਰਾ ਭੁੰਗਜਤੇ ਯਦਜਭੁੰਗਜਤੇ ਦਕਿਸ਼ਣਾਮੁਖਾ:**
> **ਸੋਪਾਂਤਕਸ਼ਚ ਯਦਜਭੁੰਕੱਤੇ ਤਦ੍ਵੈ ਰਕਸ਼ਾਂਸਿ ਭੁੰਜੱਤੇ ॥ ੨੩੮ ॥**
> [ਸਿਰ ਮੇਂ ਵਸਤ੍ਰ ਲਪੇਟ ਕਰ ਦਕਸ਼ਿਣਾਭਿਮੁਖ ਹੋਕਰ ਯਾ ਖੜਾਉਂ ਪਹਿਨ ਕਰ ਕਿਯਾ ਜਾਨੇ ਵਾਲਾ ਭੋਜਨ ਪਿਤਰੋਂ ਕੋ ਨ ਮਿਲਕਰ ਰਾਕਸ਼ਸੋਂ ਕੋ ਮਿਲਤਾ ਹੈ।]

ਇਸੇ ਤਰ੍ਹਾਂ ਇਕ ਹੋਰ ਅਹਿਮ ਧਰਮ ਸ਼ਾਸਤ੍ਰ ਪਾਰਾਸ਼ਰ ਸਿਮ੍ਰਤੀ - ਪ੍ਰਿਥਮੋ ਅਧਯਾਇ ਅਨਸਾਰ ਵੀ.

ਸ਼ਿਰੋ ਵੇਸ਼ਟਯ ਤੁ ਯੋ ਭੂੰਗਤਕੇ ਦਕਸ਼ਿਣਾਭਿਮੁਖਸਤੁ ਯ:।
ਵਾਮਜਦਕਰ: ਸਿਥਤਵਾ ਤੱਦ ਵੈ ਰਖਸ਼ਾਂਸਿ ਭੁੰਜੱਤੇ ॥ ੫੯ ॥
[ਸਿਰ ਮੇ ਪਗੜੀ ਬਾਂਧ ਕਰ ਯਾ ਦਕਸ਼ਿਣ ਔਰ ਮੂੰਹ
ਕਰਕੇ ਯਾ ਬਾਂਏ ਪੈਰ ਪਰ ਹਾਥ ਰਖ ਕਰ ਜੋ ਭੋਜਨ ਕਿਯਾ
ਜਾਤਾ ਹੈ - ਵਹ ਰਾਕਸ਼ਸ ਖਾ ਜਾਤੇ ਹੈ।]

ਪਰ ਇਸ ਦੇ ਮੁਕਾਬਲੇ ਦਸਤਾਰ ਵਿਹੀਣ ਹੋਣਾ ਜਾਂ ਨੰਗੇ ਸਿਰ ਭੋਜਨ ਕਰਨਾ ਗੁਰੂ ਤੋਂ ਬੇਮੁੱਖ ਹੋਣ ਦੇ ਤੁਲ ਮੰਨਿਆ ਗਿਆ।

ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਪਾਗ ਉਤਾਰ ਪ੍ਰਸ਼ਾਦ ਜੋ ਖਾਵੈ, ਸੋ ਸਿੱਖ ਕੁੰਭੀ ਨਰਕ ਸਿਧਾਵੈ ।।੫ ॥

ਤਨਖਾਹਨਾਮਾ ਭਾਈ ਨੰਦ ਲਾਲ

ਨਗਨ ਹੋਇ ਬਾਹਰ ਫਿਰਹਿ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦ ਜੋ ਬਾਂਟਈ, ਤਨਖਾਹੀ ਬਡੋ ਕਹਾਇ।੨੪।

ਸਾਖੀ ਰਹਿਤ ਕੀ ਭਾਈ ਨੰਦ ਲਾਲ ਜੀ

..........ਅਤੇ ਪੂਜਾ, ਅਰਚਾ, ਕਰਮ ਕਿਰਿਆ, ਧੋਤੀ ਬੰਨਣੀ, ਸਿਰਿ ਨੰਗੇ ਖਾਵਣਾ ਸੋ ਉਨ੍ਹਾਂ ਜੁਗਾ ਕਾ ਧਰਮੁ ਹੈ। ਅਤੇ ਕਲਿਜੁਗ ਵਿਚ ਗੁਰਮੁਰੀਦੀ ਪ੍ਰਵਾਨ ਹੈ। ਜੁਗ ਜੁਗ ਆਪੋ ਆਪਣਾ ਵੇਦ ਹੈ। ਜੋ ਕਲਿਜੁਗ ਮਹਿ ਗੁਰੂ ਕਾ ਬਚਨੁ ਮੰਨੈਗਾ ਸੋ ਨਿਹਾਲੁ ਹੋਵੇਗਾ। ਅਤੇ ਹੋਰਤੁ ਗਲਿ ਮਿਲੈਗਾ ਸੋ ਬੂਡੇਗਾ।

ਸਾਖੀ ਰਹਿਤ ਕੀ (ਭਾਈ ਨੰਦ ਲਾਲ)

ਤਬ ਗੁਰੂ ਗੋਬਿੰਦ ਸਿੰਘ ਕਹਿਆ:- ਜੋ ਮੇਰਾ ਸਿਖ ਹੋਵੈਗਾ ਸੋ ਖਾਲਸੇ ਥੀਂ ਬਗੈਰੁ ਹੋਰਥੈ ਪ੍ਰਤੀਤਿ ਨ ਕਰਸੀ। ਅਤੈ ਜਿਥੇ ਸ਼ਬਦੁ ਹੋਵੈ ਤਿਥੈ ਪੂਜਾ ਕਰਨੀ ਹੋਰੁ ਮੜ੍ਹੀ ਮਸਾਣੀ ਨਹੀਂ ਜਾਵਣਾ। ਪੰਡਤ ਪਾਂਧੇ ਮੀਏਂ ਮਹਤੇ ਦੀ ਮਤ ਨਹੀਂ ਲੈਣੀ ਅਤੇ ਜੋ ਮੇਰਾ ਹੋਸੀ ਗੁਰ ਸਬਦਿ ਥੀਂ ਸਿਵਾਇ ਕਰਮ ਕਿਰਿਆ, ਭਦਣੁ ਉਸਤਰਾ ਨਹੀਂ ਲਾਵਣਾ। ਗਾਇਤ੍ਰੀ, ਤਰਪਣੁ ਪੂਜਾ, ਅਰਚਾ, ਧੋਤੀ ਬੰਨ੍ਹ ਕੇ, ਸਿਰੀ

ਨੰਗ ਧਾਵਣਾ ਨਾਹੀ। ਨੰਗੀ ਬੇਦੀ ਬ੍ਰਾਹਮਣ ਅਗੈ ਬੈਠਣਾ ਨਾਹੀ। ਜੋ ਕੋਈ ਸਿਖੁ ਗੁਰੂ ਕਾ ਹੋਸੀ ਸੋ ਇਤਨੀਆਂ ਵਸਤੂਆਂ ਦੇ ਨੇੜੇ ਨਾ ਆਵਸੀ।..................ਸੋ ਖਾਲਸੇ ਨੂੰ ਏਹੁ ਨਿਸਾਨੀ ਲਗੀ ਹੈ। ਜੋ ਲੱਖ ਹਿੰਦੂ ਅਤੇ ਲੱਖ ਮੁਸਲਮਾਨ ਹੋਵਨਿ ਤਾਂ ਭੀ ਸਿਖੁ ਵਿਚ ਛਪਦਾ ਨਹੀਂ। ਕਿਉਂਜੋ ਹੱਛਾ ਦਾੜ੍ਹਾ ਸਿਰ ਤੇ ਕੇਸ, ਸੋ ਕਿਥੋਂ ਛਪੈ॥

ਭਈ ਸੁਮੇਰ ਸਿੰਘ ਪਟਨਾ ਸਾਹਿਬ

ਨਗਨ ਸੀਸ ਭੋਗੇ ਨਹੀ, ਭੋਜਨ ਕਥੇ ਨ ਪਯਾਰ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਧਾਰ

ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ

ਲਕੋਂ ਸਿਰੋਂ ਨੰਗਾ ਨਾ ਹੋਇ। ਪਗੜੀ ਤਕੜੀ ਬੰਨੇ।
ਜੈਸੇ ਸ਼ੇਰ ਅਚੇਤ ਨਹੀਂ ਰਹਿੰਦਾ।.....
ਜੋ ਕੇਸਾਧਾਰੀ ਟੋਪੀ ਰਖੇ, ਸੋ ਭੀ ਤਨਖਾਹੀਆ।....
ਜੋ ਕੇਸਾਧਾਰੀ ਲੱਕ ਦਾ ਪੜਦਾ ਸਿਰ ਤੇ ਧਰੇ ਸੋ ਭੀ ਤਨਖਾਹੀਆ।......
ਜੋ ਸਿਖ, ਸਿਖ ਦੀ ਪੱਗ ਤੇ ਹੱਥ ਪਾਏ, ਸੋ ਭੀ ਤਨਖਾਹੀਆ।.....
ਜੋ ਪੱਗ ਨੂੰ ਬਾਸੀ ਰਖੇ, ਸੋ ਤਨਖਾਹੀਆ।....
ਟੋਪੀ ਵਾਲੇ ਦੇ ਕੇਸਧਾਰੀ ਪੈਰੀਂ ਪਵੈ, ਸੋ ਤਨਖਾਹੀਆ।.....
ਪੱਗ ਰਤੀਂ ਲਾਹਿ ਕੇ ਸਵੇਂ ਸੋ ਭੀ ਤਨਖਾਹੀਆ।....
ਜੋ ਸਿਖ ਕੁਲਕ ਰਖੇ, ਤਨਖਾਹੀਆ।
ਨੰਗੇ ਕੇਸੀਂ ਫਿਰੇ, ਰਵਾਲ ਪਾਏ, ਸੋ ਤਨਖਾਹੀਆ।
ਨੰਗੇ ਕੇਸੀਂ ਮਾਰਗ ਟੁਰੇ ਸੋ ਤਨਖਾਹੀਆ।..
ਪਗੜੀ ਲਾਹਿ ਕਰ ਸਿਖ ਪ੍ਰਸਾਦਿ ਖਾਏ, ਸੋ ਤਨਖਾਹੀਆ।..

ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਹੋਇ ਸਿੱਖ ਸਿਰ ਟੋਪੀ ਧਰੇ ਸਾਤ ਜਨਮ ਕੁਸ਼ਟੀ ਹੋਇ ਮਰੇ।
ਜੋ ਸਿੱਖ ਗਲ ਮਹਿ ਤਾਗਾ ਮੇਲੇ ਚੋਪੜ ਬਾਜੀ ਗਨਕਾ ਖੇਲੇ॥੪॥
ਜਨਮ ਸੁਆਨ ਪਾਵੇਗਾ ਕੋਟ, ਬੀਜਯੋ ਹਾਥ ਬੁਰਾ ਇਸ ਖੱਟ,

ਰਹਿਤਨਾਮੇ ਦੇ ਇਹ ਸਪੱਸ਼ਟ ਸ਼ਬਦ ਵਿਚਾਰਨ ਯੋਗ ਹਨ ਕਿ ਕਿਸ ਭਾਵਨਾ ਅਧੀਨ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਹ ਹੁਕਮ ਜਾਰੀ ਕੀਤਾ ਗਿਆ ਸੀ। ਗੱਲ ਟੋਪੀ ਦੀ ਨਹੀਂ ਹੈ ਬਲਕਿ "ਕੇਸਾਂ ਅਤੇ ਦਸਤਾਰ"

ਨਾਲ ਜੁੜੀ ਸਿੱਖ ਦੀ ਪਛਾਣ ਦੀ ਅਤੇ ਉਸ ਦੇ ਨਿਆਰੇਪਨ ਦੀ ਹੈ ਜਿਸ ਤੇ ਤੇਰੀ ਹੋਂਦ ਟਿਕੀ ਹੋਈ ਹੈ। ਇਸ ਰਹਿਤਨਾਮੇ ਦੀ ਵਿਆਖਿਆ ਕਰਦਿਆਂ ਪੰਥਕ ਵਿਦਵਾਨ ਸਰਦਾਰ ਪਿਆਰਾ ਸਿੰਘ ਪਦਮ ਲਿਖਦੇ ਹਨ,

ਇਸ ਨਵੇਂ ਕੇਸਾਧਾਰੀ ਪੰਥ ਦੀ ਹਸਤੀ ਨੂੰ ਬ੍ਰਾਹਮਣਵਾਦ ਤੇ ਤੁਰਕਵਾਦ ਤੋਂ ਬਚਾਉਣ ਲਈ ਸਖਤ ਹਦਾਯਤਾਂ ਜ਼ਰੂਰੀ ਗੱਲ ਸੀ। ਜਿਵੇਂ ਕਿ ਲਿਖਿਆ ਹੈ-'ਸਿਖ ਹੋਇ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੋਇ ਮਰੈ।' ਇਸ ਦਾ ਭਾਵ ਹਰਗਿਜ਼ ਨਹੀਂ ਕਿ ਹਰ ਟੋਪੀ ਪਾਉਣ ਵਾਲਾ ਦੁਖ ਭੋਗਦਾ ਹੈ। ਤਾਤਪ੍ਰਯ ਇਤਨਾ ਹੈ ਕਿ ਜੋ ਕੋਈ ਸਿਖ ਹੋ ਕੇ ਟੋਪੀ ਪਾਉਂਦਾ ਹੈ ਤਾਂ ਉਹ ਜ਼ਰੂਰ ਧਰਮ ਤੋਂ ਪਤਿਤ ਹੁੰਦਾ ਹੈ ਤੇ ਕੋੜ੍ਹੀ ਦਾ ਜੀਵਨ ਜੀਉਂਦਾ ਹੈ।

ਇਸ ਤੋਂ ਅਲਾਵਾ ਹੋਰ ਰਹਿਤਨਾਮੇ ਵੀ ਸਪੱਸ਼ਟ ਤੌਰ ਤੇ ਦਸਤਾਰ ਜਾਂ ਟੋਪੀ ਅਥਵਾ ਨੰਗੇ ਸਿਰ ਦਾ ਨਿਸ਼ੇਧ ਦਰਸਾਂਦੇ ਹਨ। ਇਹਨਾ ਚੋਂ ਵੀ ਗੁਰੂ ਹੁਕਮ ਪ੍ਰਤੱਖ ਦ੍ਰਿਸ਼ਟੀਗੋਚਰ ਹੈ,

ਖਾਲਸਾ ਸ਼ਤਕ ਭਾਈ ਬੁੱਧ ਸਿੰਘ

ਲਘੂ ਸੁਚੇਤੇ ਰਤ ਸਮੇਂ, ਨ੍ਹਾਨ ਖਾਨ ਸਮੇਂ ਸੈਨ
ਸੀਸ ਨਗਨ ਨਾਹੀ ਕਰੈ, ਸੁਈ ਖਾਲਸਾ ਐਨ। ੬੫।....
ਤੁਰਕ ਕਲਾਮਾ ਕਬਰ ਹਿਤ, ਪੁਨ ਮਸੀਤ ਸਿਰ ਨਿਆਇ
ਟੋਪੀ ਸਿਰ ਰਾਖੈ ਕਬੀ, ਸੋ ਸਿਖ ਗੁਰ ਨ ਸੁਹਾਇ। ੭੨।

ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਮੜ੍ਹੀ ਗੋਰ ਦੇਵਲ ਜੋ ਮਾਨੈ,
ਪਰ ਪੰਥਨ ਕੋ ਊਚ ਬਖਾਨੈ
ਸੋ ਸੋ ਸਾਕਤ ਗੁਰ ਕਾ ਸਿਖ ਨਾਹੀ।
ਫਾਸਿ ਪਰਯੋ ਜਮ ਕੰਕਰ ਪਾਹੀ।੨੨।
ਟੋਪੀ ਦੇਖਿ ਨਿਵਾਵਹਿ ਸੀਸ।
ਸੋ ਸਿਖ ਨਰਕੀ ਬਿਸ੍ਵੈ ਬੀਸ
ਅਕਾਲ ਪੁਰਖ ਕੀ ਸੇਵਾ ਕਰੈ।
ਸੋ ਸਿਖ ਬੰਸ ਸਗਲ ਸੈ ਤਰੈ।੨੩।

ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ

ਗੁਰੂ ਕਾ ਸਿਖ ਇਨ੍ਹਾਂ ਅੱਠਾਂ ਦੀ ਸੰਗਤਿ ਨਾ ਕਰੇ। ਇਨ੍ਹਾਂ ਦਾ ਉਪਦੇਸੁ ਨਾ ਲਏ - ਤੁਰਕ, ਜੋਗੀ, ਪਗ-ਲੱਥਾ, ਸਿਰ-ਖੁੱਥਾ, ਲਿਟੀਆ (ਲਿਟੀਆ), ਪੁੜੀਆ, ਟੁਪੀਆ (ਟੋਪੀ ਧਾਰੀ), ਬਾਹਮਣ।

ਰਹਿਤਨਾਮਿਆਂ ਦੀ ਦਸਤਾਰ ਪ੍ਰਤੀ ਚੇਤੰਨਤਾ ਇਸ ਗੱਲ ਤੋਂ ਵੀ ਸਪੱਸ਼ਟ ਹੈ ਕਿ ਇਕ ਰਹਿਤਨਾਮੇ ਦੇ ਲਫ਼ਜ਼ ਹਨ "ਗੁਰੂ ਕਾ ਸਿੱਖ ਨੰਗੇ ਸਿਰ ਜੁੱਤੀ ਨਾ ਪਾਏ।" ਇਸ ਦਾ ਆਸ਼ਾ ਸੀ ਕਿ ਆਮ ਤੌਰ ਤੇ ਜੁੱਤੀ ਬਾਹਰ ਜਾਣ ਲਗਿਆਂ ਪਾਈ ਜਾਂਦੀ ਹੈ ਸੋ ਨੰਗੇ ਸਿਰ ਬਾਹਰ ਨਾ ਜਾਏ ਇਸ ਲਈ ਇਹ ਭਾਵ ਪੁਰਤ ਹਿਦਾਯਤ ਜਾਰੀ ਕੀਤੀ ਗਈ।

ਗਾਂਜਾ, ਤਾੜੀ, ਤਮਾਕੂ ਆਦਿ ਨਸ਼ਿਆਂ ਦੇ ਵਰਤਣ ਵਿਚ ਜੋ ਚਿਲਮ ਵਰਤੀ ਜਾਂਦੀ ਹੈ ਉਸ ਨੂੰ ਵੀ ਟੋਪੀ ਕਿਹਾ ਜਾਂਦਾ ਹੈ। ਸੋ ਭਾਈ ਦੇਸਾ ਸਿੰਘ ਜੀ ਨੇ ਆਪਣੇ ਰਹਿਤਨਾਮੇ ਰਾਹੀਂ ਇਸ ਟੋਪੀ ਤੋਂ ਵੀ ਬਾਖਬਰ ਰਹਿਣ ਦੀ ਹਿਦਾਇਤ ਕੀਤੀ ਹੈ।

ਕੁੱਠਾ, ਹੁੱਕਾ, ਚਰਸ, ਤਮਾਕੂ, ਗਾਂਜਾ ਟੋਪੀ ਤਾੜੀ ਖਾਕੂ ।੩੦।
ਇਨਕੀ ਓਰ ਨਾ ਕਬਹੂੰ ਦੇਖੈ, ਰਹਤਵੰਤ ਜੋ ਸਿੰਘ ਬਿਸੇਖੈ।

ਇਸ ਸਮੇਂ ਕੁਝ ਪਖੰਡੀ ਅਤੇ ਭੇਖੀ ਸਾਧ ਅਤੇ ਗੁਰੂ ਕੁਲਕ ਰਖਦੇ ਸਨ ਅਤੇ ਆਪਣੇ ਚੇਲੇ ਚਾਟੜਿਆਂ ਨੂੰ ਕੁਲਕ ਦਿ'ਤਾ ਕਰਦੇ ਸਨ। ਇਸ ਦਾ ਜ਼ਿਕਰ ਗੁਰੂ ਸਾਬਿਹ ਨੇ ਵੀ ਕੀਤਾ ਹੈ, "*ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥*"(੧੨੮੬) ਅਤੇ ਰਹਿਤਨਾਮਿਆਂ ਨੇ ਸਪੱਸ਼ਟ ਤੌਰ ਤੇ ਹੀ ਕੂਲਕ ਰਖਣ ਦੀ ਮਨਾਹੀ ਕੀਤੀ ਹੈ,

ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ

ਜੋ ਸਿਖ ਕੂਲਕ ਰਖੇ, ਤਨਖਾਹੀਆ।

ਇਤਿਹਾਸਕ ਸਮਾਜਕ,

ਆਮ ਤੌਰ ਤੇ ਭਾਰਤੀ ਅਤੇ ਖ਼ਾਸ ਕਰਕੇ ਪੰਜਾਬ ਦੀ ਸਭਿਅਤਾ ਮੁਤਾਬਕ ਚੁੰਨੀ, ਚੂਨਰੀ, ਓੜ੍ਹਨੀ ਜਾਂ ਦੁਪੱਟਾ ਇਸਤ੍ਰੀ ਜਾਤੀ ਦੀ ਹਯਾ, ਪੱਤ ਦੀ ਪ੍ਰਤੀਕ ਮੰਨੀ ਜਾਂਦੀ ਹੈ। ਇਸੇ ਲਈ ਲੋਕ ਬੋਲੀ, ਲੋਕ ਗੀਤਾਂ ਅਤੇ ਸੂਫ਼ੀਆਨਾ ਜਾਂ ਭਗਤੀ ਗੀਤਾਂ ਵਿਚ ਵੀ ਲਾਗਾ ਚੂਨਰੀ ਮੇਂ ਦਾਗ ਛੁਪਾਊਂ ਕੈਸੇ, ਘਰ ਜਾਊਂ ਕੈਸੇ? ਆਦਿ ਕਹਿ ਕੇ ਭਗਤਾਂ ਨੇ ਆਪਣੇ ਆਪ ਨੂੰ ਇਸਤ੍ਰੀ ਰੂਪ ਮੰਨ ਕੇ ਆਪਣੀ ਇੱਜ਼ਤ ਅਤੇ ਪਵਿੱਤਰਤਾ ਦਾ ਪ੍ਰਤੀਕ ਚੁੰਨੀ ਨੂੰ ਹੀ ਮੰਨਿਆ ਹੈ । ਦਸਤਾਰ ਚੁੰਨੀ ਦਾ ਬਦਲ ਨਹੀਂ ਹੈ। ਇਸੇ ਲਈ ਤਾਂ ਸਿਰ ਤੇ ਦਸਤਾਰ ਸਜਾਉਣ ਵਾਲੀਆਂ ਬੀਬੀਆਂ ਵੀ ਚੁੰਨੀ ਜ਼ਰੂਰ ਲੈਂਦੀਆਂ ਹਨ।ਇਹ ਸੀ ਚੁੰਨੀ ਦਾ ਵਿਰਸਾ।

ਪ੍ਰਿ. ਗੰਗਾ ਸਿੰਘ ਜੀ ਨੇ ਅਮੀਰ ਲੋਕ ਗਾਥਾ ਵਿਰਸੇ ਵਿਚੋਂ ਅੰਕਤ ਕੀਤਾ ਹੈ ਕਿ ਕੁਝ ਕੁੜੀਆਂ ਘੁੰਮਣ ਗਈਆਂ ਅਤੇ ਲਲਾਰੀ ਕੋਲ ਰੰਗ

ਬਰੰਗੀਆਂ ਚੁੰਨੀਆਂ ਵੇਖਕੇ ਕਹਿਣ ਲੱਗੀਆਂ ਕਿ ਵੀਰਾ! ਸਾਡੀ ਚੁੰਨੀ ਵੀ ਰੰਗ ਦੇ। ਲਲਾਰੀ ਨੇ ਕਿਹਾ, ਲਿਆਉ ਹੁਣੇ ਰੰਗ ਦਿੰਨਾਂ। ਕੁੜੀਆਂ ਕਹਿਣ ਲੱਗੀਆਂ ਕਿ ਸਾਡੇ ਕੋਲ ਤਾਂ ਹੋਰ ਚੁੰਨੀ ਹੈ ਨਹੀਂ ਇਹ ਸਿਰ ਤੋਂ ਉਤਾਰ ਕਿਸ ਤਰਾਂ ਸਕਦੀਆਂ ਹਾਂ?

*ਸਿਰ ਦਾ ਚੀਰ ਉਤਾਰ ਖਲੋਵਾਂ, ਥੀਵਾਂ ਨੰਗੀ ਵਿਚ ਬਜਾਰਾਂ।*
*ਸਹੁਰੇ ਪੇਕੇ ਮਿਲਣ ਨਾ ਢੋਈ, ਤੇ ਹਾਸੀ ਕਰਨ ਗਵਾਰਾਂ ।*

ਗੁਰਮਤਿ ਕਿਸੇ ਦੇ ਕਪੜੇ ਪਹਿਨਣ ਤੇ ਕੋਈ ਪਾਬੰਦੀ ਆਇਦ ਨਹੀਂ ਕਰਦੀ। ਪਰ ਬਾਬਾ ਜੀ ਇਹ ਨਸੀਹਤ ਜ਼ਰੂਰ ਕਰਦੇ ਹਨ ਕਿ ਜਿਹੜਾ ਪਹਿਰਾਵਾ, ਜਿਹੜੇ ਲੀੜੇ ਸਰੀਰ ਨੂੰ ਤਕਲੀਫ ਦੇਣ ਅਤੇ ਮਨ ਵਿਚ ਵਿਕਾਰ ਪੈਦਾ ਕਰਨ ਉਹਨਾਂ ਤੋਂ ਦੂਰੀ ਹੀ ਭਲੀ। "*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥*" (੧੬) ਇਸਦੇ ਨਾਲ ਹੀ ਗੁਰੂ ਸਾਹਿਬ ਇਹ ਹਿਦਾਇਤ ਵੀ ਜ਼ਰੂਰ ਦਿੰਦੇ ਹਨ ਕਿ ਬਹੁਤੇ ਪਾਰਦਰਸ਼ੀ ਕਪੜੇ ਜਿਹੜਾ ਨੰਗੇਜ਼ ਵੀ ਨਾ ਢੱਕ ਸਕਣ ਉਹ ਪਹਿਨਣ ਤੋਂ ਪਰਹੇਜ਼ ਕੀਤਾ ਜਾਏ। ਹਜ਼ੂਰ ਦਾ ਫ਼ਰਮਾਨ ਹੈ,

*ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥*
*ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ ॥੨॥*
(ਗੁਰੂ ਗ੍ਰੰਥ ਸਾਹਿਬ ਪੰਨਾ: ੩੧੮)

ਇਹ ਨਸੀਹਤ ਅਤੇ ਹਿਦਾਇਤ ਇਸ ਗੱਲ ਤੋਂ ਵੀ ਸਮਝ ਆ ਜਾਂਦੀ ਹੈ ਕਿ ਵਕਾਲਤ ਕਰਦੀਆਂ ਬੀਬੀਆਂ ਲਈ ਵੀ 'ਡਰੈਸ ਕੋਡ' ਹੈ। ਉਹਨਾਂ ਦੇ ਨੀਵੇਂ ਗਲਮੇ ਦਾ ਬਲਾਊਜ਼ ਪਾ ਕੇ ਜਾਂ ਵਾਲਾਂ ਵਿਚ ਫੁਲ ਟੁੰਗ ਕੇ ਅਦਾਲਤ ਵਿਚ ਪੇਸ਼ ਹੋਣ ਦੀ ਮਨਾਹੀ ਹੈ। ਕੀ ਕਦੇ ਕਿਸੇ ਨੇ ਇਹ ਬਹਿਸ ਕੀਤੀ ਹੈ ਕਿ ਮਰੀਜ਼ਾਂ ਦੀ ਤੀਮਾਰਦਾਰੀ ਕਰਦੀਆਂ ਨਰਸਾਂ ਦਾ ਲਿਬਾਸ ਸਾਦਾ ਹੀ ਕਿਓਂ ਨਿਅਤ ਕੀਤਾ ਗਿਆ ਹੈ? ਕੀ ਬੱਚੀਆਂ ਦੀ ਪਾਰਟੀ ਡਰੈਸ ਅਤੇ ਸਕੂਲ ਦੀ ਡਰੈਸ ਇਕ ਹੁੰਦੀ ਹੈ? ਜੇ ਇਹਨਾਂ ਤੇ ਪਾਬੰਦੀ ਆਇਦ ਹੈ ਤਾਂ ਫਿਰ ਕੀ ਗੁਰਦੁਆਰਾ ਸਾਹਿਬ ਜੋ ਅਧਿਆਤਮਕ ਅਤੇ ਰੂਹਾਨੀਅਤ ਦੀ ਸਭ ਤੋਂ ਵੱਡੀ ਦਰਸਗਾਹ, ਸਕੂਲ ਅਤੇ ਸੋਮਾ ਹੈ, ਇਥੇ ਆਉਣ ਸਮੇਂ ਨੁਮਾਇਸ਼ੀ ਅਤੇ ਫਾਹਸ਼ ਕਪੜਿਆਂ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ?

ਪਰ ਇਸ ਫ਼ੈਸ਼ਨ ਪ੍ਰਸਤੀ ਦੀ ਹੋੜ ਨੇ ਤਾਂ ਹੁਣ ਕੋਈ ਹੱਦ ਬੰਨਾ ਹੀ ਬਾਕੀ ਨਹੀਂ ਰਹਿਣ ਦਿੱਤਾ ਹੈ। ਹਿੰਦੀ ਦੇ ਇਕ ਵਿਅੰਗਕਾਰ ਨੇ ਇਸ ਤੇ ਚੋਟ ਕੀਤੀ ਸੀ ਕਿ ਉਸ ਨੂੰ ਇਕ ਮਿੱਤਰ ਨੇ ਪੁਛਿਆ ਜੇ ਤੂੰ ਵੱਢੀ ਨਹੀਂ ਲਏਂਗਾ ਤਾਂ

ਵਹੁਟੀ ਨੂੰ ਸਾੜ੍ਹੀ ਕਿਥੋਂ ਲੈ ਕੇ ਦਏਂਗਾ? ਉਸਨੇ ਜਵਾਬ ਦਿੱਤਾ ਕਿ ਜੇਕਰ ਮੇਰੇ ਕੋਲ ਸਾੜ੍ਹੀ ਜੋਗੇ ਪੈਸੇ ਨਹੀਂ ਹੋਣ ਗੇ ਤਾਂ ਮੈਂ ਉਸ ਨੂੰ 'ਬਿਊਟੀ ਕੰਟੈਸਟ' ਵਿਚ ਭੇਜ ਦਵਾਂਗਾ।

ਇਸੇ ਲਈ ਬਾਬਾ ਜੀ ਨੇ ਅੱਜ ਤੋਂ ਪੰਜ ਸੋ ਸਾਲ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ,

*ਮਃ ੧ ॥ ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥*
*ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥*
*ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥*
(ਗੁਰੂ ਗ੍ਰੰਥ ਸਾਹਿਬ ਪੰਨਾ: ੧੨੪੩)

ਖੈਰ, ਸਮਾਜਕ ਪੱਖ ਤਾਂ ਇਕ ਪਾਸੇ, ਹਰ ਅੱਛੇ ਹੋਟਲ ਵਿਚ ਖਾਣਾ ਤਿਆਰ ਕਰਨ ਵਾਲੇ ਬਾਵਰਚੀ chef ਵੀ ਸਿਰ ਨੂੰ ਢੱਕ ਕੇ ਹੀ ਖਾਣਾ ਤਿਆਰ ਕਰਦੇ ਹਨ। ਆਮ ਤੌਰ ਤੇ ਵਪਾਰਕ ਅਤੇ ਵਿਹਾਰਕ ਧਰਾਤਲ ਤੇ ਵੀ ਵੇਖਣ ਵਿਚ ਆਂਦਾ ਹੈ ਕਿ ਜੇਕਰ ਕਿਸੇ ਨੇ ਦੁਕਾਨ ਜਾਂ ਮਕਾਨ ਦਾ ਕਬਜ਼ਾ ਛੱਡਣਾ ਹੋਵੇ ਤਾਂ ਪਗੜੀ ਦੀ ਮੰਗ ਕਰਦਾ ਹੈ। ਪਗੜੀ ਦੀ ਕੀਮਤ ਹੈ।

ਸਾਡੇ ਇਕ ਪਰਿਵਾਰਿਕ ਅਜ਼ੀਜ਼ ਬੀਬੀ ਅਮਰਜੀਤ ਕੌਰ ਨੂੰ ਮੇਰੀ ਭਤੀਜੀ ਨੇ ਇਕ ਵਾਰ ਪੁੱਛਿਆ ਸੀ, "ਆਂਟੀ! ਤੁਸੀਂ ਇੰਨੇ ਪੜ੍ਹੇ ਲਿਖੇ ਹੋ ਪਰ ਤੁਸੀਂ ਹਰ ਵੇਲੇ ਆਪਣਾ ਸਿਰ ਢੱਕ ਕੇ ਕਿਓਂ ਰਖਦੇ ਹੋ?" ਭੈਣ ਅਮਰਜੀਤ ਨੇ ਜਵਾਬ ਦਿੱਤਾ ਸੀ ਕਿ "ਮੈਂ ਮਹਿਸੂਸ ਕਰਦੀ ਹਾਂ ਕਿ ਹਰ ਸਮੇਂ ਮੇਰੇ ਕਰੀਬ ਗੁਰੂ ਗੋਬਿੰਦ ਸਿੰਘ ਜੀ ਖੜੇ ਹਨ। ਸੋ ਉਹਨਾਂ ਦੀ ਮੌਜੂਦਗੀ ਵਿਚ ਮੈਂ ਸਿਰ ਨੰਗਾ ਕਿਵੇਂ ਕਰ ਸਕਦੀ ਹਾਂ।"

ਪਰ ਤੇਰੇ ਲਈ ਤਾਂ ਇਹ ਦਸਤਾਰ ਕਰਤਾ ਪੁਰਖ ਦੀ ਰਹਿਮਤ, ਬਖਸ਼ਿਸ਼ ਦਾ ਪ੍ਰਤੱਖ ਪ੍ਰਮਾਣ ਹੈ ਪਰ ਇਸ ਤੋਂ ਅਲਾਵਾ ਆਮ ਤੌਰ ਤੇ ਵੀ ਦਸਤਾਰ ਸਭਿਅਤਾ ਦੀ ਨਿਸ਼ਾਨੀ ਹੈ। ਦਸਤਾਰ ਜਾਂ ਇਮਾਮਾ: (ਬਜ਼ੁਰਗੀ, ਸਿਆਣਪ) ਲਫ਼ਜ਼ ਅਰਬੀ ਭਾਸ਼ਾ ਦਾ ਹੈ ਅਤੇ ਇਸ ਨੂੰ ਫ਼ਾਰਸੀ ਵਿਚ ਦੁਲਬੰਦ ਕਿਹਾ ਜਾਂਦਾ ਹੈ। ਇਸੇ ਦੁਲਬੰਦ ਸ਼ਬਦ ਤੋਂ ਤੁਰਕੀ ਦਾ ਲਫ਼ਜ਼ ਤੱਲਬੰਦ (tülbend), ਅੰਗ੍ਰੇਜ਼ੀ ਵਿਚ ਟਰਬਨ (turban), ਇਤਾਲਵੀ ਜ਼ਬਾਨ ਵਿਚ ਟਰਬੇਟ (turbante) ਅਤੇ ਫ਼ਰਾਂਸੀਸੀ ਵਿਚ ਟਰਬੰਟ (turbant) ਬਣੇ ਹਨ।

ਵੈਸੇ ਵੀ ਕਿਸੇ ਇਨਸਾਨ ਦੇ ਕਿਰਦਾਰ ਦੀ ਪਛਾਣ ਉਸ ਦੀਆਂ ਤਿੰਨ ਮੁੱਖ ਗੱਲਾਂ ਤੋਂ ਕਰਣ ਦੀ ਜਾਚ ਦਾਨਿਸ਼ਵਰਾਂ ਨੇ ਦਿੱਤੀ ਹੈ। ਇਹ ਹਨ ਉਸ ਦੀ

ਦਸਤਾਰ, ਗੁਫ਼ਤਾਰ ਅਤੇ ਕਿਰਦਾਰ। ਸੋ ਪੱਗ ਅਵੱਲ ਅਤੇ ਮੁੱਖ ਭੂਮਿਕਾ ਅਦਾ ਕਰਦੀ ਹੈ। ਮਾਸਟਰ ਤਾਰਾ ਸਿੰਘ ਜੀ ਦੇ ਸਕੱਤ੍ਰ ਰਹੇ ਅਤੇ ਕਰੀਬੀ ਸਾਥੀ ਗਿ. ਗੁਰਬਚਨ ਸਿੰਘ ਵੀ ਆਪਣੀ ਜੀਵਨੀ ਵਿਚ ਲਿਖਦੇ ਹਨ ਕਿ ਇਕ ਦਫ਼ਾ ਮਾਸਟਰ ਜੀ ਨੇ ਮੈਨੂੰ ਕਿਹਾ ਕਿ ਗੁਰਬਚਨ ਸਿੰਘ ਤੂੰ ਗੁੰਥੀ ਬਣ ਜਾ। ਮੈਂ ਕਿਹਾ, ਮਾਸਟਰ ਜੀ ਕਿਉਂ? ਮਾਸਟਰ ਜੀ ਨੇ ਕਿਹਾ ਕਿ ਗੁੰਥੀ ਬਣਨ ਲਈ ਤਿੰਨ ਗੁਣ ਚਾਹੀਦੇ ਹਨ ਉਹ ਸਾਰੇ ਹੀ ਤੇਰੇ ਵਿਚ ਹਨ, ਪਹਿਲਾ- ਦਸਤਾਰ ਪੋਚਵੀਂ ਬੰਨਦਾ ਹੋਵੇ। ਦੂਸਰਾ- ਦਰਸ਼ਨੀ ਹੋਵੇ ਅਤੇ ਤੀਸਰਾ-ਥੋੜਾ ਪਖੰਡ ਕਰ ਸਕਦਾ ਹੋਵੇ।

ਵੈਸੇ ਗੋਲ ਪੱਗ ਦਾ ਲਾਭ ਅਖੌਤੀ ਸਾਧਾਂ ਸੰਤਾਂ ਨੇ ਵੀ ਬੜਾ ਉਠਾਇਆ ਹੈ। ਭਾਈ ਕਾਨ੍ਹ ਸਿੰਘ ਜੀ ਗੁਰਮਤਿ ਮਾਰਤੰਡ ਦੇ ਪੰਨਾ 196 ਤੇ ਲਿਖਦੇ ਹਨ, "ਸੰਤ ਕੋਈ ਖਾਸ ਜਮਾਤ ਅਥਵਾ ਪੰਥ ਨਹੀ, ਅਰ ਨ ਉਸ ਲਈ ਕੋਈ ਖਾਸ ਲਿਬਾਸ ਨਿਯਤ ਹੈ। ਇਸ ਸਮੇ ਦੇਖਣ ਵਿਚ ਆਉਦਾ ਹੈ ਕਿ ਲੰਮਾਂ ਕੁੜਤਾ ਜਾਂ ਚੋਲਾ, ਸਿਰ ਤੇ ਛੋਟੀ ਗੋਲ ਪੱਗ, ਪਜਾਮੇ ਦਾ ਤਿਆਗ, ਪੈਰੀ ਪਊਏ ਇਹ ਸੰਤ ਦਾ ਖਾਸ ਭੇਸ ਹੋ ਗਿਆ ਹੈ ਜੋ ਲੋਕਾਂ ਨੂੰ ਭੁਲੇਖੇ ਵਿਚ ਪਾਉਦਾ ਹੈ ਤੇ ਅਣਧਿਕਾਰੀਆਂ ਦੀ ਮਨੀ ਅਹੰਕਾਰ ਵਧਾਉਦਾ ਹੈ।"

ਅਨਅਧਿਕਾਰਤ ਵਿਅਕਤੀਆਂ ਨੇ ਇਸ ਦਸਤਾਰ ਦਾ ਬਹੁਤ ਹੀ ਗਲਤ ਇਸਤੇਮਾਲ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਤੋਂ ਮੁਨਕਰ ਅਤੇ ਦੇਹਧਾਰੀ ਦਾ ਪ੍ਰਚਾਰ ਕਰਨ ਵਾਲੇ ਵੀ ਬਹੁਤ ਸੋਹਣੀਆਂ ਚਿੱਟੀਆਂ ਗੁਰਮੁਖੀ ਦਸਤਾਰਾਂ ਧਾਰਣ ਕਰਨ ਦਾ ਪਖੰਡ ਕਰਦੇ ਹਨ। ਲੋੜ ਹੈ ਇਸ ਚਿੱਟੀ ਦਸਤਾਰ ਦੇ ਥੱਲੇ ਲੁੱਕੀ ਹੋਈ ਕਾਲਖ ਤੋਂ ਆਪਣੇ ਆਪ ਨੂੰ ਬਚਾਉਣ ਦੀ। ਇਹਨਾਂ ਬਾਰੇ ਹਜ਼ੂਰ ਦੀ ਚਿਤਾਵਨੀ ਹੈ,

*ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ ॥*
*ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ ॥੧॥*
*ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥*
*ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ ॥੧॥*
(ਗੁਰੂ ਗੰਥ ਸਾਹਿਬ ਪੰਨਾ: ੫੨੪)

ਇਹਨਾਂ ਪਖੰਡ ਦੇ ਵਪਾਰੀਆਂ ਅਤੇ ਇਹਨਾਂ ਦੇ ਪੈਰੋਕਾਰਾਂ ਨੂੰ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਉਹ ਸਾਖੀ ਜ਼ਰੂਰ ਧਿਆਨ ਵਿਚ ਰੱਖਣੀ ਚਾਹੀਦੀ ਹੈ। ਇਕ ਵਾਰ ਗੁਰੂ ਸਾਹਿਬ ਦੇ ਨਾਲ ਸਿੱਖਾਂ ਨੇ ਵੇਖਿਆ ਕਿ ਇਕ ਬੜਾ ਵੱਡਾ ਅਤੇ ਬੁੱਢਾ ਜ਼ਖਮੀ ਅਜਗਰ ਅਤਿ ਕਸ਼ਟ ਦਾਇਕ ਹਾਲਤ ਵਿਚ

ਹੌਲੇ ਹੌਲੇ ਰੇਂਗਦਾ ਹੋਇਆ ਗੁਰੂ ਸਾਹਿਬ ਵਲ ਵੱਧਿਆ। ਉਸ ਨੂੰ ਹਜ਼ਾਰਾਂ ਹੀ ਕਿਰਮ ਚਿੰਬੜੇ ਹੋਏ ਸਨ ਅਤੇ ਉਸ ਦਾ ਮਾਸ ਲੂਹ ਰਹੇ ਸਨ। ਇਸ ਅਜਗਰ ਦੇ ਸਾਰੇ ਸਰੀਰ ਵਿਚੋਂ ਖੂਨ ਵੱਗ ਰਿਹਾ ਸੀ ਅਤੇ ਇਹ ਬੁਰੀ ਤਰ੍ਹਾਂ ਕਰਾਹ ਰਿਹਾ ਸੀ।ਗੁਰੂ ਸਾਹਿਬ ਨੇ ਆਪਣੇ ਤੀਰ ਨਾਲ ਇਸ ਦਾ ਉਧਾਰ ਕੀਤਾ।

ਕਾਟਤ ਕੀਟੀ ਉਲਟ ਪੁਲਟ ਹਵੈ
ਭਏ ਦੇਹ ਮੈਂ ਛਿੱਦ੍ਰ ਕਰਾਲ।
ਕੁਛ ਨ ਉਪਾਉ ਬਚਾਉ ਹੋਨ ਕੋ
ਲਾਖਹੁਂ ਖਾਇਂ ਮਹਾਂ ਬਿਕਰਾਲ।
ਸ੍ਰੀ ਹਰਿਰਾਇ ਬਿਲੋਕਨ ਕੀਨਸ
ਕਿਰਪਾ ਧਾਰ ਕਰ ਧਨੁਖ ਸੰਭਾਲ॥੨੩॥

ਵਿਸਮਾਦਿਤ ਹੋਏ ਸਿੱਖਾਂ ਨੇ ਗੁਰੂ ਸਾਹਿਬ ਨੂੰ ਇਸ ਬਾਰੇ ਪੁੱਛਿਆ ਤਾਂ ਹਜ਼ੂਰ ਨੇ ਫ਼ੁਰਮਾਇਆ ਕਿ ਇਹ ਅਜਗਰ ਅਸਲ ਵਿਚ ਇਕ ਪਖੰਡੀ ਸਾਧ ਸੀ ਅਤੇ ਇਹ ਕਿਰਮ ਇਸਦੇ ਚੇਲੇ ਚਾਟੜੇ ਅਤੇ ਸਿੱਖ। ਇੰਨ ਬਿੰਨ ਇਸੇ ਤਰਾਂ ਦੀ ਇਕ ਸਾਖੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵੀ ਵਾਪਰੀ ਸੀ ਅਤੇ ਹਜ਼ੂਰ ਨੇ ਬਚਨ ਕੀਤੇ ਸਨ ਕਿ ਚੇਲੇ ਚਾਟੜਿਆਂ ਦਾ ਲੋਕ ਪਰਲੋਕ ਬਰਬਾਦ ਕਰਕੇ ਇਸਦੀ ਅਤੇ ਇਸਦੇ ਚੇਲਿਆਂ ਦੀ ਹਾਲਤ ਇਹ ਬਣੀ ਹੈ।

ਸ੍ਰੀ ਗੁਰੂ ਹਰਗੋਬਿੰਦ ਸਭਨ ਸੋਂ ਇਹ ਗਾਥ ਉਚਾਰੀ
'ਪੂਰਬ ਜਨਮ ਮਹੰਤ ਇਹ ਬਿਦਤਿਉ ਜਗ ਭਾਰੀ॥੨੯॥
ਹੰਕਾਰਤਿ ਹੀ ਮਰ ਗਯੋ ਜੂਨੀ ਅਹਿ ਪਾਈ।
ਲੋਕ ਪਰਲੋਕ ਸੁਖ ਤੇ ਰਖੇ, ਸੋ ਕਿਰਮ , ਸਮੁਦਾਈ।
ਕਾਟ ਕਾਟ ਗਨ ਖਾਤ ਹੈਂ ਨਹਿਂ ਇਨਹਿਂ ਉਧਾਰ।
ਪਲਟਾ ਪੂਰਬ ਜਨਮ ਕੋ ਲੇਤੇ ਇਸ ਬਾਰ॥੩੨॥

"*ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥*" (੯੭) ਰਾਹੀਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਪੱਸ਼ਟ ਕਰਦੇ ਹਨ ਕਿ ਸੰਤ ਕੇਵਲ ਗੁਰੂ ਪਰਮੇਸ਼ਵਰ ਹੀ ਹੈ। ਜਿਸ ਤਰ੍ਹਾਂ ਕਿਸੇ ਇਕੱਲੇ ਸਿੱਖ ਨੂੰ ਗੁਰੂ ਨਹੀਂ ਕਿਹਾ ਜਾ ਸਕਦਾ ਪਰ ਸੰਗਤ ਰੂਪ ਵਿਚ ਖਾਲਸਾ ਗੁਰੂ ਰੂਪ ਹੈ ਇਸੇ ਤਰ੍ਹਾਂ ਇਕੱਲਾ ਸਿੱਖ ਸੰਤ ਨਹੀ ਬਲਕਿ ਸੰਗਤੀ ਰੂਪ ਵਿਚ ਸੰਗਤ ਹੀ ਸੰਤ ਹੈ। ਬਹੁ ਵਚਨ ਵਿਚ ਸੰਗਤ ਨੂੰ ਗੁਰੂ ਸਾਹਿਬ ਨੇ ਸੰਤ ਪਦ ਨਾਲ ਸੰਬੋਧਤ ਕੀਤਾ ਹੈ, "*ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥*" (੯੧੮) ਅਤੇ "*ਭਾਈ ਰੇ ਸੰਤ ਜਨਾ ਕੀ ਰੇਣੁ ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥*" (੧੮) ਪੰਚਮ ਪਾਤਿਸ਼ਾਹ ਜੋਦੜੀ ਕਰਦੇ ਹਨ

ਕਿ ਗੁਰ ਪਰਮੇਸ਼ਵਰ ਅਕਾਲ ਪੁਰਖ ਜਾਂ ਗੁਰੂ ਰਾਮ ਦਾਸ ਜੀ ਦੇ ਚਰਨ ਉਹਨਾਂ ਦੇ ਮਸਤਕ ਤੇ ਹੋਣ,

*ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥*
*ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥*
*ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥*
(ਗੁਰੂ ਗ੍ਰੰਥ ਸਾਹਿਬ ਪੰਨਾ: ੮੧੨)

ਆਪਣੇ ਆਪ ਨੂੰ ਸੰਤ ਕਹਾਣਾ ਗੁਰੂ ਸਾਹਿਬ ਦੇ ਪਾਵਨ ਸੀਸ ਤੇ ਆਪਣੇ ਪੈਰ ਰੱਖਣ ਤੁਲ ਹੈ। ਐਸਾ ਭੇਖੀ ਸਾਧ ਅਤੇ ਇਹਨਾਂ ਦੇ ਪਿੱਛੇ ਲਗਣ ਵਾਲਿਆਂ ਨੂੰ ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿਰਾਇ ਸਾਹਿਬ ਦੀ ਉਕਤ ਸਾਖੀ ਤੋਂ ਸਬਕ ਸਿੱਖ ਕੇ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਹੀ ਲੜ ਨਹੀਂ ਲਗਣਾ ਚਾਹੀਦਾ? ਇਸਦੇ ਉਲਟ ਕਰਮ ਕਰਣ ਵਾਲੇ ਕੀ ਉਸ ਅਜਗਰ ਅਤੇ ਉਸਦੇ ਕੀੜਿਆਂ ਤੋਂ ਭਿੰਨ ਹੋ ਸਕਦੇ ਹਨ? ਕਲਗੀਧਰ ਪਿਤਾ ਦਾ ਬਚਨ ਹੈ।

*ਜੇ ਅਪਨੇ ਗੁਰ ਤੇ ਮੁਖ ਫਿਰ ਹੈਂ॥*
*ਈਹਾਂ ਊਹਾਂ ਤਿਨ ਕੇ ਗ੍ਰਿਹ ਗਿਰਿ ਹੈਂ॥*
*(ਦਸਮ ਗ੍ਰੰਥ)*

ਭਾਈ ਗੁਰਦਾਸ ਜੀ ਨੇ ਵੀ ਇਕ ਲੋਕ ਗਾਥਾ ਦੇ ਹਵਾਲੇ ਨਾਲ ਨੰਗੇ ਸਿਰ ਹੋ ਜਾਣ ਨੂੰ ਕਿਸੇ ਦੀ ਮੌਤ ਹੋ ਜਾਣ ਦੇ ਸੁਨੇਹੇ ਬਾਰੇ ਵਾਰ ੩੨ ਦੀ ਪਉੜੀ ੧੯ ਵਿਚ ਲਿਖਿਆ ਹੈ,

*ਠੰਢੇ ਖੂਹਹੁਂ ਨ੍ਹਾਇ ਕੈ ਪਗ ਵਿਸਾਰਿ ਆਇਆ ਸਿਰਿ ਨੰਗੈ॥*
*ਘਰ ਵਿਚਿ ਰੰਨਾਂ ਕਮਲੀਆਂ ਧੁਸੀ ਲੀਤੀ ਦੇਖਿ ਕੁਢੰਗੈ॥*
*ਰੰਨਾਂ ਦੇਖਿ ਪਿਟੰਦੀਆਂ ਢਾਹਾਂ ਮਾਰੈਂ ਹੋਇ ਨਿਸੰਗੈ॥*
*ਲੋਕ ਸਿਆਪੇ ਆਇਆ ਰੰਨਾਂ ਪੁਰਸ ਜੁੜੇ ਲੈ ਪੰਗੈ॥*
*ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ॥*
*ਸਹੁਰੇ ਪੁਛਹੁ ਜਾਇ ਕੈ ਕਉਣ ਮੁਆ ਨੂਹ ਉਤਰੁ ਮੰਗੈ॥*
*ਕਾਵਾਂ ਰੌਲਾ ਮੂਰਖੁ ਸੰਗੈ ॥*

ਰਾਵੀ ਝਨਾਂ ਦੀ ਇਸ ਸਭਿਅਤਾ ਨੇ 'ਕਿਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ' ਵਰਗੇ ਲੋਕ ਗੀਤਾਂ ਦੀ ਧੁਨੀ ਨੂੰ ਫ਼ਿਜ਼ਾਂ ਵਿਚ ਗੁੰਜਾਇਆ। ਪਰ ਹੁਣ ਜੇ ਤੂੰ ਇਹ ਦਸਤਾਰ ਉਤਾਰ ਦਿੱਤੀ ਹੈ ਤਾਂ ਕੀ ਤੇਰੀ ਭੈਣ ਇਹ ਪੜ੍ਹੇ ਗੀ, 'ਕਿਕਲੀ ਕਲੀਰ ਦੀ, ਬੋਦੇ ਮੇਰੇ ਵੀਰ ਦੇ'। ਜ਼ਰਾ ਰੁਕ! ਸੋਚ ਅਤੇ ਦਿਸ਼ਾ ਬਦਲੀ ਕਰ ਅਤੇ ਫ਼ਿਰ ਤੁਰ।

'ਪੱਗ ਵਟ ਭਰਾ' ਇਸੇ ਸਭਿਅਤਾ ਦਾ ਇਕ ਹੋਰ ਸ਼ਾਨਦਾਰ ਅੰਗ ਹੈ। ਜਦੋਂ ਕੋਈ ਕਿਸੇ ਨਾਲ ਆਪਣੀ ਪੱਗ ਵਟਾ ਲੈਂਦਾ ਸੀ ਤਾਂ ਉਸ ਨੂੰ ਜਾਨ ਤੇ ਖੇਡ ਕੇ ਨਿਭਾ ਜਾਂਦਾ ਸੀ।

ਉਰਦੂ ਅਦਬ ਦੀ ਇਕ ਆਮ ਵਾਰਤਾ ਹੈ ਕਿ ਜਦੋਂ ਕੋਈ ਬੰਦਾ ਲੰਮੇ ਦੌਰੇ ਦੇ ਬਾਅਦ ਘਰ ਵਾਪਸ ਪਰਤਦਾ ਹੈ ਤਾਂ ਘਰ ਦੇ ਬੱਚੇ, ਵਹੁਟੀ, ਵੱਡੇ, ਛੋਟੇ ਸਾਰੇ ਹੀ ਪੁੱਛਦੇ ਹਨ ਕਿ ਮਿਆਂ ਕਯਾ ਲਾਏ? ਇਸ ਇਨਸਾਨ ਨੂੰ ਵੀ ਉਸ ਅਲਾਹ, ਕਾਦਰੇ ਮਖਲੂਕਾਤ, ਸਰਵਰੇ ਕਾਇਨਾਤ ਨੇ ਕੁਝ ਵਿਹਾਝਣ ਲਈ ਇਸ ਧਰਤੀ ਤੇ ਭੇਜਿਆ ਸੀ ਅਤੇ ਬਾਰ ਬਾਰ ਚਿਤਾਵਨੀ ਵੀ ਦਿੱਤੀ ਸੀ, *'ਜਾ ਕਉ ਆਏ ਸੋਈ ਵਿਹਾਝਹੁ'* (੨੦੫)। ਸੋ ਜਦੋਂ ਇਨਸਾਨ ਨੇ ਵਾਪਸ ਪਰਤਣਾ ਹੈ ਤਾਂ ਉਸ ਮਾਲਕ ਨੇ ਵੀ ਤਾਂ ਪੁੱਛਣਾ ਹੈ, ਮਿਆਂ ਕਯਾ ਲਾਏ?

ਈਰਾਨ ਦਾ ਦਾਨਿਸ਼ਵਰ ਸ਼ੇਖ ਸਾਅਦੀ ਜ਼ਿਕਰ ਕਰਦਾ ਹੈ ਕਿ ਜੇਕਰ ਕੋਈ ਇਨਸਾਨ ਖਾਲੀ ਖੀਸੇ ਹੀ ਖਰੀਦੋ ਫ਼ਰੋਖਤ ਲਈ ਬਜ਼ਾਰ ਚਲਾ ਜਾਏ ਤਾਂ ਪਗੜੀ ਉਤਰਵਾ ਕੇ ਘਰ ਵਾਪਸ ਪਰਤਦਾ ਹੈ। ਪਰ ਤੂੰ ਤਾਂ ਉਸ ਕਲਗੀਧਰ ਪਿਤਾ ਦੀ ਬਖਸ਼ੀ ਹੋਈ ਅਮਾਨਤ ਦਸਤਾਰ ਹੀ ਲਾਹ ਕੇ ਜਦੋਂ ਵਾਪਸ ਉਹਨਾਂ ਦੇ ਸਾਹਮਣੇ ਪਹੁੰਚਿਆ ਤਾਂ ਤੇਰੀ ਲੱਥੀ ਹੋਈ ਪੱਗ ਵਾਲਾ ਨੰਗਾ ਸਿਰ ਹੀ ਤੇਰੀ ਹਾਲਤ, ਤੇਰੀ ਦਾਸਤਾਨ ਬਿਆਨ ਕਰ ਦਵੇਗਾ ਅਤੇ ਫ਼ਿਰ ਪੁਛਣ ਦੀ ਲੋੜ ਹੀ ਨਹੀਂ ਰਹਿਣੀ ਕਿ ਮਿਆਂ ਕਯਾ ਲਾਏ?

ਮੁੱਢ ਕਦੀਮ ਤੋਂ ਹੀ ਸਮੁੱਚੇ ਏਸ਼ੀਆ ਅਤੇ ਦੁਨੀਆ ਦੇ ਪੂਰਬਾਰਧ ਹਿੱਸੇ ਵਿਚ ਇੱਜ਼ਤ ਦੀ ਨਿਸ਼ਾਨੀ ਅਤੇ ਸਿਰ ਤੇ ਧਾਰਨ ਕਰਨ ਦੀ ਇਹ ਮੁੱਖ ਪੋਸ਼ਾਕ ਮੰਨੀ ਗਈ ਹੈ। ਦਸਤਾਰ ਦੀ ਲੰਬਾਈ ਅਤੇ ਬੰਨਣ ਦੇ ਰੰਗ ਅਤੇ ਢੰਗ ਨਾਲ ਬੰਨਣ ਵਾਲੇ ਦੇ ਰੁਤਬੇ ਦਾ ਅਹਿਸਾਸ ਅਤੇ ਪ੍ਰਗਟਾਵਾ ਹੁੰਦਾ ਹੈ।

ਬਾਨੀਏ ਇਸਲਾਮ ਹਜ਼ਰਤ ਮੁਹੰਮਦ ਸਾਹਿਬ ਖੁਦ ਵੀ ਪਗੜੀ ਬੰਨਦੇ ਸਨ। ਹਜ਼ਰਤ ਅਬੂ ਸਈਦ ਖ਼ਿਦਰੀ ਦੇ ਹਵਾਲੇ ਨਾਲ ਤਿਰਮਿਜ਼ੀ ਸ਼ਰੀਫ਼ ਕਿਤਾਬੁਲ ਲਿਬਾਸ ਦੀ ਹਦੀਸ ਵਿਚ ਲਿਖਿਆ ਹੈ ਕਿ ਆਂ-ਹਜ਼ਰਤ ਮੁਹੰਮਦ ਸਾਹਿਬ ਜਦੋਂ ਵੀ ਨਵੀਂ ਪੱਗ, ਕਮੀਜ਼ ਅਤੇ ਚਾਦਰ ਪਹਿਨਦੇ ਸਨ ਤਾ ਉਚੇਚੀ ਦੁਆ ਕੀਤਾ ਕਰਦੇ ਸਨ।

ਪਰ ਖਾਲੀ ਸੋਹਣੀ ਦਸਤਾਰ ਬੰਨ ਲੈਣ ਨਾਲ ਜਾਂ ਤੁੱਰਾਂ ਲਾ ਲੈਣ ਨਾਲ ਹੀ ਗੱਲ ਨਹੀਂ ਬਣ ਜਾਂਦੀ। ਕਿਸੇ ਬੰਦੇ ਨੇ ਬੜਾ ਵੱਡਾ ਤੁੱਰਾ ਲਾਇਆ ਸੀ। ਉਸ ਦੇ ਕੋਲ ਕਿਸੇ ਨੇ ਆ ਕੇ ਕਿਹਾ ਕਿ ਬਾਊ ਜੀ ! ਇਹ ਖ਼ਤ ਪੜ੍ਹ ਦਉ। ਉਹ ਤੁੱਰੇ ਵਾਲਾ ਕਹਿਣ ਲੱਗਾ ਕਿ ਮੈਨੂੰ ਪੜ੍ਹਨਾ ਨਹੀਂ ਆਂਦਾ, ਤੂੰ ਕਿਸੇ ਹੋਰ ਕੋਲੋਂ ਪੜ੍ਹਵਾ

ਲੈ। ਉਸ ਮਹਾਤਤ ਨੇ ਕਿਹਾ ਕਿ ਹੱਦ ਹੋ ਗਈ, ਐਡਾ ਵੱਡਾ ਤੁੱਰਾ ਲਾਇਆ ਹੈ ਅਤੇ ਪੜ੍ਹਨਾ ਹੀ ਨਹੀਂ ਆਂਦਾ। ਤੁੱਰੇ ਵਾਲਾ ਸੱਜਣ ਬੋਲਿਆ ਕਿ ਲੈ ਇਹ ਤੁੱਰਾ ਤੂੰ ਲਾ ਲੈ ਅਤੇ ਆਪ ਹੀ ਪੜ੍ਹ ਲੈ।

ਚੀਨ ਵਿਚ ਵੀ ੧੮੪ ਈਸਵੀ ਤੋਂ ੨੦੪ ਈਸਵੀ ਦੌਰਾਨ ਚਾਂਗ ਚੁਏਹ ਦੀ ਅਗਵਾਈ ਵਿਚ ਪੀਲੀ ਪਗੜੀ ਧਾਰੀ ਬਾਗੀਆਂ ਨੇ ਸ਼ਕਤੀਸ਼ਾਲੀ 'ਹਾਨ' ਵੰਸ਼ ਨੂੰ ਸਮਾਪਤ ਕਰ ਦਿੱਤਾ। ਇਹ ਬਾਗੀ ਪੀਲੀ ਪਗੜੀ ਧਾਰਨ ਕਰਦੇ ਸਨ ਕਿ ਇਹ ਧਰਤੀ ਦੇ ਰੰਗ ਨਾਲ ਮੇਲ ਖਾਂਦੀ ਹੈ ਅਤੇ ਇਹ ਆਪਣੇ ਆਪ ਨੂੰ ਧਰਤੀ ਦੇ ਨਾਲ ਜੋੜਦੇ ਸਨ।

ਪਗੜੀ ਪੁਰਾਤਨ ਹਿੰਦੁਸਤਾਨ ਦੀ ਅਜ਼ਮਤ ਅਤੇ ਸ਼ਾਨ ਸੀ। ਪਰ ਅਲਬਰੂਨੀ ਜਦੋਂ ਹਿੰਦੁਸਤਾਨ ਆਇਆ ਤਾਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਇਥੋਂ ਦੇ ਵਸਨੀਕਾਂ ਨੇ ਪਗੜੀ ਸਿਰ ਤੋਂ ਉਤਾਰ ਕੇ ਲੱਕ ਦੇ ਦੁਆਲੇ ਲਪੇਟ ਲਈ ਹੈ। ਸੋ ਉਸ ਨੇ ਆਪਣੀ ਵਿਸ਼ਵ ਪ੍ਰਸਿੱਧ ਪੁਸਤਕ ਅਲ-ਹਿੰਦ ਵਿਚ ਲਿਖਿਆ ਹੈ ਕਿ ਹਿੰਦੁਸਤਾਨੀ ਪਜਾਮੇ ਦੀ ਥਾਂ ਤੇ ਪਗੜੀ ਬੰਨਦੇ ਹਨ।

ਹਿੰਦੁਸਤਾਨ ਅਤੇ ਏਸ਼ੀਆ ਦੀ ਕੌਮੀ ਪਛਾਣ ਵੀ ਦਸਤਾਰ ਹੀ ਸੀ। ਪਰ ਹਿੰਦੁਸਤਾਨ ਵਿਚ ਇਸਲਾਮ ਦੇ ਆਗਮਨ ਦੇ ਨਾਲ ਦਸਤਾਰ ਪਹਿਨਣ ਦੀ ਇਜਾਜ਼ਤ ਕੇਵਲ ਹਾਕਮ ਸ਼੍ਰੇਣੀ ਨੂੰ ਹੀ ਦਿੱਤੀ ਗਈ ਤੇ ਗੁਲਾਮਾਂ ਨੂੰ ਟੋਪੀ ਪਹਿਨਣ ਦਾ ਹੁਕਮ ਦਿੱਤਾ ਗਿਆ। ਇਸੇ ਲਈ ਟੋਪੀ ਗੁਲਾਮੀ ਦਾ ਚਿੰਨ੍ਹ ਮੰਨਿਆ ਗਿਆ। ਇਸ ਬਾਰੇ ਸਰਦਾਰ ਪਿਆਰਾ ਸਿੰਘ ਪਦਮ ਲਿਖਦੇ ਹਨ,

> "ਦਸਤਾਰ ਨੂੰ ਅਰਬੀ ਤਹਿਜ਼ੀਬ ਵਿਚ ਵੀ ਬੜਾ ਮਾਣ ਪ੍ਰਾਪਤ ਹੈ, ਜਿਸ ਕਰਕੇ ਉਹ ਕਾਫ਼ਰਾਂ ਦੇ ਸਿਰ ਉਤੇ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਦੇ। ਇਹੋ ਕਾਰਨ ਹੈ ਕਿ 7-8 ਸਦੀਆਂ ਇਹ ਦਸਤਾਰਾਂ ਜਬਰਨ ਲਾਹੀਆਂ ਜਾਂਦੀਆਂ ਰਹੀਆਂ।"

ਬੰਦਾ ਬਹਾਦੁਰ ਅਤੇ ਉਹਨਾਂ ਦੇ ਸਾਥੀਆਂ ਨੂੰ ਵੀ ਜਦੋਂ ਸੰਗਲਾਂ ਨਾਲ ਨੂੜ ਕੇ ਦਿੱਲੀ ਲਿਆਉਂਦਾ ਗਿਆ ਸੀ ਤਾਂ ਸਾਰਿਆਂ ਦੇ ਸਿਰਾਂ ਤੇ ਬਿਲੌਰ ਲਗੀਆਂ ਕਾਗਜ਼ ਦੀਆਂ ਟੋਪੀਆਂ ਪਾਈਆਂ ਗਈਆਂ ਸਨ। ਇਸ ਇਤਿਹਾਸਕ ਵਾਕਏ ਨੂੰ ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਇਬਰਤ ਨਾਮਾ, ਤਬੱਸਰਾਤ-ਉਲ-ਨਾਜ਼ਰੀਨ, ਮੈਕਰੇਗਰ, ਕਨਿੰਘਮ ਅਤੇ ਵਿਲਸਨ ਦੇ ਹਵਾਲੇ ਨਾਲ ਲਿਖਿਆ ਹੈ.

੨੯ ਫ਼ਰਵਰੀ, ੧੭੧੬ ਨੂੰ ਹੋਲੀ ਦੇ ਹਿੰਦੂ ਤਿਉਹਾਰ ਵਾਲੇ ਦਿਨ ਇਹਨਾਂ ਕੈਦੀਆਂ ਨੂੰ ਇਕ ਜਲੂਸ ਦੀ ਸ਼ਕਲ ਵਿਚ ਲਿਆਂਦਾ ਗਿਆ ਜਿਸ ਦੇ ਅੱਗੇ ਅੱਗੇ ਇਕ ਬੈਂਡ ਚਲ ਰਿਹਾ ਸੀ। ਇਹਨਾਂ ਦੇ ਪਿੱਛੇ ਬਾਂਸਾਂ ਅਤੇ ਨੇਜ਼ਿਆਂ ਦੇ ਉੱਤੇ ੨੦੦੦ ਸਿੱਖਾਂ ਦੇ ਸਿਰ ਟੰਗੇ ਹੋਏ ਸਨ ਜਿਹਨਾਂ ਵਿਚ ਤੂੜੀ ਭਰੀ ਹੋਈ ਸੀ ਅਤੇ ਇਹਨਾਂ ਦੇ ਲੰਮੇ ਵਾਲ ਹਵਾ ਵਿਚ ਲਹਿਰਾ ਰਹੇ ਸਨ। ਇਹਨਾਂ ਦੇ ਪਿੱਛੇ ਇਕ ਉੱਚੇ ਸਾਰੇ ਬਾਂਸ ਦੇ ਉੱਤੇ ਇਕ ਮਰੀ ਹੋਈ ਬਿੱਲੀ ਟੰਗੀ ਹੋਈ ਸੀ, ਇਹ ਦਰਸਾਉਣ ਲਈ ਕਿ ਹੁਣ ਸਿੱਖਾਂ ਦੇ ਘਰਾਂ ਵਿਚ ਇਨਸਾਨ ਤਾਂ ਕੀ ਕੋਈ ਬਿੱਲੀ ਕੁੱਤਾ ਵੀ ਜਿਉਂਦਾ ਨਹੀਂ ਬਚਿਆ ਹੈ। ਇਹਨਾਂ ਦੇ ਪਿੱਛੇ ਇਕ ਸ਼ਾਹੀ ਹਾਥੀ ਦੇ ਉੱਤੇ ਇਕ ਲੋਹੇ ਦੇ ਪਿੰਜਰੇ ਵਿਚ ਬੰਦਾ ਬਹਾਦੁਰ ਸੀ। ਉਸ ਦੇ ਸਿਰ ਉੱਤੇ ਇਕ ਸੁਨਹਿਰੀ ਗੋਟੇ ਕਿਨਾਰੇ ਵਾਲੀ ਲਾਲ ਰੰਗ ਦੀ ਪਗੜੀ ਪਾਈ ਹੋਈ ਸੀ । ਬੰਦਾ ਬਹਾਦੁਰ ਨੂੰ ਜ਼ਲੀਲ ਕਰਣ ਲਈ ਉਸ ਨੂੰ ਇਕ ਲਾੜੇ ਦੀ ਤਰ੍ਹਾਂ ਸ਼ਿੰਗਾਰਿਆ ਗਿਆ ਸੀ । ਉਸ ਨੂੰ ਸ਼ੋਖ ਸੂਹੇ ਰੰਗ ਦਾ ਅੰਗਰਖਾ ਪਹਿਨਾਇਆ ਹੋਇਆ ਸੀ ਜਿਸ ਤੇ ਸੁਨਹਿਰੀ ਜ਼ਰੀ ਨਾਲ ਫੁੱਲਾਂ ਦੀ ਕਢਾਈ ਕੀਤੀ ਹੋਈ ਸੀ। ਬੰਦਾ ਬਹਾਦੁਰ ਦੇ ਠੀਕ ਪਿੱਛੇ ਹੱਥ ਵਿਚ ਨੰਗੀ ਤਲਵਾਰ ਫੜੀ ਇਕ ਮੁਗਲ ਸਿਪਾਹੀ ਆਪਣੇ ਪੂਰੇ ਫ਼ੌਜੀ ਲਿਬਾਸ ਵਿਚ ਖੜਾ ਕੀਤਾ ਹੋਇਆ ਸੀ। ਸਿੱਖਾਂ ਨੂੰ ਜਲੀਲ ਕਰਣ ਲਈ ਉਹਨਾਂ ਦੇ ਵਾਲਾਂ ਨਾਲ ਮੇਲ ਖਾਂਦਾ ਚਿਹਰਿਆਂ ਦੇ ਉੱਤੇ ਕਾਲਾ ਰੰਗ ਮਲਿਆ ਹੋਇਆ ਸੀ। ਇਹਨਾਂ ਦੇ ਸਿਰਾਂ ਦੇ ਉੱਤੇ ਭੇਡਾਂ ਦੇ ਚਮੜੇ ਦੀਆਂ ਕਾਲੇ ਰੰਗ ਦੀਆਂ ਉੱਚੀਆਂ ਉੱਚੀਆਂ ਟੋਪੀਆਂ ਪਾਈਆਂ ਹੋਈਆਂ ਸਨ ਜਿਹਨਾਂ ਵਿਚ ਬਿਲੌਰ ਲਗੇ ਹੋਏ ਸਨ। ਸਾਰੇ ਹੀ ਪਰਤੱਖ ਦਰਸੀ, ਹਿੰਦੁਸਤਾਨੀ ਅਤੇ ਫ਼ਿਰੰਗੀ ਇਸ ਗੱਲ ਤੇ ਯਕਜ਼ਬਾਨ ਹਨ ਕਿ ਇਹਨਾਂ ਸਿੱਖਾਂ ਦੇ ਚਿਹਰਿਆਂ ਤੇ ਕਿਤਨੀ ਚਮਤਕਾਰੀ ਸਬਰ ਅਤੇ ਸੰਤੋਖ ਸੀ ਅਤੇ ਇਹਨਾਂ ਸਾਰਿਆਂ ਦੀ ਹੀ ਆਪਣੇ ਜਥੇਦਾਰ ਲਈ ਸਤਿਕਾਰ ਅਤੇ ਸ਼ਰਧਾ ਹੈਰਾਨਕੁਨ ਸੀ। ਇਹਨਾਂ ਦੇ ਚਿਹਰਿਆਂ ਤੇ ਮੌਤ ਦਾ ਰਤੀ ਭਰ ਵੀ ਫ਼ਿਕਰ ਜਾਂ ਚਿੰਤਾ ਦਾ ਨਾਮੋ ਨਿਸ਼ਾਨ ਨਹੀਂ ਸੀ ਅਤੇ ਇਹ ਜੱਲਾਦਾਂ ਨੂੰ ਮੁਕਤਾ, ਬੰਦ ਖਲਾਸੀ ਦਵਾਣ ਵਾਲਾ ਕਹਿ ਰਹੇ ਸਨ......

On February 29, 1716, the Hindu festival day of Hole, they were taken out in a procession. Bands played ahead of all. Then followed 2,000 Sikh heads stuffed with straw fixed on spears and bamboos, their long hair flowing with the wind. After them came the dead body of a cat mounted on a long pole to show that not even a cat or dog was left alive in Sikh homes. Behind it was Banda in an iron cage on a lofty elephant. **A red turban with borders embroidered in gold was placed on his head.** On his body was a crimson robe of brocade wrought in flowers of gold It was a mockery of a bridegroom. A stalwart Mughal soldier in a coat of arms with a shining sword in hand stood behind him. The 740 prisoners were behind Banda's elephant. To vilify them their faces were made black in order to have uniformity with their hair. **Black sheep-skin high-coned caps with glass beads sewn on them were placed on their heads...........**

All observers, Indian and Europeans, unite in remarking on the wonderful patience and resolution with which these men met their fate. Their attachment and devotion to their leader was astonishing to behold. They had no fear of death, and they called the executioner Mukta or the Deliverer.........

ਤੂੰ ਗੁਰੂ ਦਾ ਇਹ ਅਗੰਮੀ ਚੋਜ ਵੇਖ ਕਿ ਕਿਸ ਤਰ੍ਹਾਂ ਗੁਰੂ ਨੇ ਰਹਿਮਤ ਕਰ ਕੇ ਪੰਜਾਬ ਵਾਸੀ ਇਹਨਾਂ ਸੂਰਬੀਰ ਸਿੱਖਾਂ ਨੂੰ ਗੁਰੂ ਤੇਗ ਬਹਾਦੁਰ ਸਾਹਿਬ ਦੇ ਪਾਵਨ ਸ਼ਹੀਦੀ ਸਥਾਨ ਦੇ ਦਰਸ਼ਨ ਕਰਵਾਏ। *"ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥ ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥੬੧॥"* (੧੩੬੭) ਦੇ ਪਾਵਨ ਗੁਰਵਾਕ ਅਨੁਸਾਰ ਇਸ ਤੋਂ ਬਾਅਦ ਕਿਸ ਚਾਅ ਅਤੇ ਉਮੰਗ ਨਾਲ ਇਹਨਾਂ ੭੦੦ ਸੂਰਬੀਰਾਂ ਅਤੇ ਬਾਬਾ ਬੰਦਾ ਬਹਾਦੁਰ ਨੇ ਸ਼ਹੀਦੀ ਜਾਮ ਪੀਤਾ ਇਹ ਤੇਰੇ ਬਜ਼ੁਰਗਾਂ ਦਾ ਸੁਨਹਿਰੀ ਇਤਿਹਾਸ ਹੈ। ਆਰੇ, ਚਰਖੜੀਆਂ, ਸਰਹਿੰਦ ਦੀਆਂ ਦੀਵਾਰਾਂ, ਮੀਰ ਮੰਨੂ ਦਿਆਂ ਨੇਜ਼ਿਆਂ, ਉਬਲਦੀਆਂ ਦੇਗਾਂ ਆਦਿ ਆਦਿ ਆਦਿ ਨੇ ਇਸ ਖਾਲਸੇ ਨੂੰ ਅਬਿਨਾਸ਼ੀ ਨੀਂਹ ਬਖਸ਼ੀ ਹੈ ਪਰ ਅੱਜ ਤੂੰ ਉਹਨਾਂ ਮਹਾਨ ਸ਼ਹੀਦਾਂ ਦੀ ਪੱਗ ਹੀ ਰੋਲ ਕੇ ਰੱਖ ਦਿੱਤੀ ਹੈ?

ਗੰਗ ਰਾਇ ਇਕ ਖੁਦਦਾਰ ਅਤੇ ਨਿਰਭੈ ਕਵੀ ਸੀ। ਇਸ ਨੇ ਆਪਣੀ ਪੱਗ ਦੀ ਅਜ਼ਮਤ ਲਈ ਸ਼ਹੀਦ ਹੋਣਾ ਮੰਨ ਲਿਆ ਪਰ ਇਸ ਨੂੰ ਝੁਕਾਇਆ ਨ੍ਹਾਂ। ਮਹਾਰਾਣਾ ਪ੍ਰਤਾਪ ਵਰਗੇ ਦੇਸ਼ ਭਗਤ ਧਰਮ ਬਚਾਣ ਦੀ ਖਾਤਰ ਆਪਣੇ ਦੇਸ਼ ਤੋਂ ਦਰ ਬਦਰ ਹੋ ਕੇ ਜੰਗਲਾਂ ਵਿਚ ਘੁੰਮ ਰਹੇ ਸਨ ਤੇ ਦੂਸਰੇ ਪਾਸੇ ਰਾਜਾ ਮਾਨ ਸਿੰਘ ਵਰਗੇ ਦੇਸ਼ ਧ੍ਰੋਹੀ ਧਰਮ ਵੇਚ ਕੇ ਦੇਸ਼ ਦੇ ਵਿਚ ਆਰਾਮ ਨਾਲ ਰਹਿ ਰਹੇ ਸਨ। ਗੰਗ ਰਾਇ ਜਦੋਂ ਜੰਗਲ ਵਿਚ ਮਹਾਰਾਣਾ ਪ੍ਰਤਾਪ ਨੂੰ ਮਿਲਿਆ ਅਤੇ ਉਸਨੂੰ ਆਪਣੀ ਇਕ ਕਵਿਤਾ ਸੁਣਾਈ ਤਾਂ ਰਾਣਾ ਪ੍ਰਤਾਪ ਨੇ ਪ੍ਰਸੰਨ ਹੋਕੇ ਇਨਾਮ ਅਤੇ ਆਦਰ ਦੇ ਤੌਰ ਤੇ ਆਪਣੀ ਪਗੜੀ ਇਸ ਦੇ ਸਿਰ ਤੇ ਬੰਨ ਦਿੱਤੀ। ਇਹ ਕਵੀ ਅਕਬਰ ਦੇ ਦਰਬਾਰ ਆਇਆ ਪਰ ਇਸਨੇ ਝੁਕ ਕੇ ਸਲਾਮ ਨਾ ਕੀਤੀ। ਜਦੋਂ ਇਸ ਨੂੰ ਝੁਕਣ ਲਈ ਕਿਹਾ ਗਿਆ ਤਾਂ ਇਸ ਨੇ ਸਿਰ ਤੇ ਬੰਨੀ ਹੋਈ ਰਾਣਾ ਪ੍ਰਤਾਪ ਦੀ ਦਿੱਤੀ ਪਗੜੀ ਵੱਲ ਇਸ਼ਾਰਾ ਕਰ ਕੇ ਕਿਹਾ ਕਿ ਮੈਂ ਤਾਂ ਝੁਕਣਾ ਚਾਹੁੰਦਾ ਹਾਂ ਇਹ ਨਹੀਂ ਝੁਕ ਰਹੀ। ਗੁਰੂ ਕਿਆ ਸਿੱਖਾ! ਤੇਰੇ ਸਿਰ ਤੇ ਵੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਦਸਤਾਰ ਸੀ। ਤੇ ਤੂੰ ਇਸ ਨੂੰ ਸਾਂਭ ਨਾ ਸਕਿਆ?

ਜ਼ਮੀਰ ਦਾ ਸੌਦਾ ਕਰਣ ਵਾਲਾ 'ਜ਼ਮੀਰ ਫ਼ਰੋਸ਼' ਜਾਂ 'ਸਵਾਭਿਮਾਨ ਵਿਕ੍ਰੇਤਾ' ਚਿੰਤਕਾਂ ਦੀ ਨਜ਼ਰ ਵਿਚ ਕੌਮਾਂ ਲਈ ਸਭ ਤੋਂ ਵੱਧ ਘਾਤਕ ਅਤੇ ਘਟੀਆ ਪ੍ਰਾਣੀ ਹੁੰਦਾ ਹੈ। ਇਕ ਲੋਕ ਗਾਥਾ ਦੇ ਮੁਤਾਬਿਕ ਕਿਸੇ ਵੇਸ਼ਿਆ ਨੇ ਇਕ ਵਤਨ ਪ੍ਰਸਤ, ਦੇਸ਼ ਭਗਤ ਨੂੰ ਪਨਾਹ ਦਿੱਤੀ ਅਤੇ ਜਦੋਂ ਉਸ ਨੇ ਪੁੱਛਿਆ ਕਿ ਤੂੰ ਵੇਸ਼ਿਆ ਹੋ ਕੇ ਇੰਨੀ ਵੱਡੀ ਕੁਰਬਾਨੀ ਦੇਣ ਲਈ ਕਿਵੇਂ ਤਿਆਰ ਹੋ ਗਈ

ਤਾਂ ਉਸ ਨੇ ਜਵਾਬ ਦਿੱਤਾ ਸੀ ਕਿ ਮੈਂ ਸਰੀਰ ਵੇਚਦੀ ਹਾਂ ਜ਼ਮੀਰ ਨਹੀਂ। ਇਸ ਗੰਗ ਰਾਇ ਕਵੀ ਦਾ ਵਰਣਨ ਭਾਈ ਰਤਨ ਸਿੰਘ ਭੰਗੂ ਰਚਿਤ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਪੁਸਤਕ ਪੰਥ ਪ੍ਰਕਾਸ਼ ਵਿਚ ਵੇਰਵੇ ਸਹਿਤ ਦਿੱਤਾ ਹੈ। ਗੰਗ ਰਾਇ ਕਵੀ ਇਕ ਜ਼ਮੀਰ ਫ਼ਰੋਸ਼ ਰਾਜਪੂਤ ਰਾਜੇ ਦੇ ਦਰਬਾਰ ਵਿਚ ਆਇਆ ਅਤੇ ਉਸ ਨੂੰ ਵੇਖ ਕੇ ਕਹਿ ਉੱਠਿਆ ਕਿ ਬਿਲਕੁਲ ਠੀਕ ਹੈ, ਜ਼ਮੀਰ ਵੇਚੋ, ਖਸਮ ਬਦਲੀ ਕਰੋ, ਪੱਗ ਦਾ ਰੰਗ ਤਬਦੀਲ ਕਰੋ ਅਤੇ ਸਰਕਾਰ ਦੀਆਂ ਨੇਮਤਾਂ ਹਾਸਲ ਕਰੋ। ਕੀ ਫ਼ਰਕ ਪੈਂਦਾ ਹੈ ਅਤੇ ਕੋਈ ਕੀ ਕਰ ਲਏ ਗਾ? ਗੰਗ ਰਾਇ ਨੇ ਕਿਹਾ, **"ਬਨਰ ਤੇ ਬਨਰੀ ਭਯੋ, ਕੀਨੋ ਖਸਮ ਮਲ੍ਹਾਰ। ........ ਨਾ ਪੁਟਈ ਜਾਟ ਕੀ, ਲੂਟ ਖਾਯੋ ਸੰਸਾਰ"**

ਉਸ ਰਾਜ ਪੂਤ ਰਾਜੇ ਨੇ ਗੰਗ ਰਾਇ ਨੂੰ ਥੱਲੇ ਲੰਮਾ ਪਾ ਕੇ ਹਾਥੀ ਇਸ ਦੇ ਸਿਰ ਦੇ ਕੋਲ ਖੜਾ ਕਰ ਕੇ ਕਿਹਾ ਕਿ ਜਾਂ ਤਾਂ ਮਾਫ਼ੀ ਮੰਗ ਲੈ, ਨਹੀਂ ਤਾਂ ਮਰਣ ਲਈ ਤਿਆਰ ਹੋ ਜਾ। ਇਸ ਬਾ-ਜ਼ਮੀਰ ਅਤੇ ਬਾ-ਵਕਾਰ ਸ਼ਾਇਰ ਨੇ ਆਖਰੀ ਦੋਹਾ ਪੜ੍ਹਿਆ ਅਤੇ ਸ਼ਹਾਦਤ ਪਾ ਗਿਆ ਪਰ ਆਪਣੀ ਪੱਗ ਦੀ ਸ਼ਾਨ ਨੂੰ ਬਰਕਰਾਰ ਰਖਿਆ। ਇਹ ਦੋਹਿਰਾ ਸਾਹਿਤਕ ਧਰਾਤਲ ਤੇ ਇਤਨਾ ਮਕਬੂਲ ਹੋਇਆ ਕਿ ਭਾਈ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਨੇ ਪ੍ਰਾਚੀਨ ਅਤੇ ਨਵੀਨ ਪੰਥ ਪ੍ਰਕਾਸ਼ ਵਿਚ ਅਤੇ ਉਪਰੰਤ ਸਿਰਦਾਰ ਕਪੂਰ ਸਿੰਘ ਨੇ ਵੀ ਇਸ ਨੂੰ ਸਾਚੀ ਸਾਖੀ ਵਿਚ ਅੰਕਤ ਕੀਤਾ ਹੈ। ਭਾਸ਼ਾ ਵਿਭਾਗ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਇਸ ਨੂੰ ਆਪਣੀਆਂ ਪੁਸਤਕਾਂ ਵਿਚ ਅੰਕਤ ਕੀਤਾ ਹੈ। ਇਹ ਮਸ਼ਹੂਰ ਅਖੀਰਲਾ ਦੋਹਾ ਸੀ,

**ਕਬੀ ਨਾ ...... ਰਣ ਚੜੇ, ਕਬੀ ਨਾ ਬਾਜੇ ਬੰਬ।**
**ਸਗਲ ਸਭਾ ਕੋ ਰਾਮ ਰਾਮ ਬਿਦਾ ਹੋਤ ਹੈ ਗੰਗ।**

ਇਸੇ ਤਰ੍ਹਾਂ ਜ਼ਕਰੀਯਾਖਾਨ ਨੇ ਵੀ ਭਾਈ ਤਾਰੂ ਸਿੰਘ ਜੀ ਦੀ ਦਸਤਾਰ ਨੂੰ ਜਦੋਂ ਟਿਚਕਰ ਕਰਕੇ ਕਿਹਾ ਸੀ ਤੇਰੀ ਤੇ ਗੱਲ ਹੀ ਕੀ ਹੈ ਜਿਹੜੇ ਤੁਹਾਡੇ ਕਹਿੰਦੇ ਕਹਾਂਦੇ ਸਿੱਖ ਹਨ ਉਹਨਾਂ ਦੇ ਕੋਲ ਵੀ ਚੱਜ ਦੀਆਂ ਪੱਗਾਂ ਨਹੀਂ ਰਹੀਆਂ ਅਤੇ ਉਹਨਾਂ ਦਾ ਹਾਲ ਇਸ ਤਰ੍ਹਾਂ ਹੈ,

ਫਿੱਡਾ ਜੈਸਾ ਟੱਟੂਆ ਜੁਲੜੂ ਕਾ ਕਾਠੂ ਪਾਇ।
ਰਸੜੂ ਲਗਾੜੂ ਤੇ ਰਸੜੂ ਰਕਾਬ ਜੂ।
ਪਾਟਿਆ ਸਾ ਕੱਛੜੂ ਤੇ ਨੀਲੜੂ ਸਾ ਚਾਦਰੂ।
ਛੂਚੋ ਜੈਸਾ ਪੱਗੜੂ ਬਣਾਯਾ ਸਿਰਤਾਜ ਜੂ।
ਟੁਟਿਆ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾਕੇ।

ਗੱਠ ਸੱਠ ਗਾਤ੍ਰ ਬਣਾਇਆ ਸਭ ਸਾਜ ਜੂ।
ਨਾਮ ਤੋ ਅਕਾਲਙੂ ਸੋ ਫਿਰੈ ਬੁਰੇ ਹਾਲਙੂ
ਪੈ ਲੂਟ ਕੂਟ ਖਾਂਵਣੇ ਕੋ ਡਾਢੇ ਉਸਤਾਜ ਜੂ।

ਅਬਦੁਸ ਸਮੱਦ ਦੇ ਮੁਤਾਬਿਕ ਸਿੱਖ ਉਸ ਸਮੇਂ ਮਿੱਟੀ ਵੀ ਖੁਰਚ ਖੁਰਚ ਕੇ ਗੁੜ ਦੀ ਤਰ੍ਹਾਂ ਖਾਂਦੇ ਸਨ ਪਰ ਉਹਨਾਂ ਨੇ ਗੁਰੂ ਦੀ ਇਸ ਦਸਤਾਰ ਨੂੰ ਮੈਲਾ ਨਹੀਂ ਹੋਣ ਦਿੱਤਾ। ਭਾਈ ਤਾਰੂ ਸਿੰਘ ਜੀ ਨੇ ਚੜ੍ਹਦੀ ਕਲਾ ਨਾਲ ਨਵਾਬ ਨੂੰ ਜਵਾਬ ਦਿੱਤਾ ਸੀ, ਤੂੰ ਚਿੰਤਾ ਨਾ ਕਰ ਸਾਡੇ ਚੋਜੀ ਪਿਤਾ ਦਾ ਵਰ ਸਾਡੇ ਨਾਲ ਹੈ,

ਦਿੱਲੀ ਤਖ਼ਤ ਪਰ ਬਹੇਗੀ ਆਪ ਗੁਰੂ ਕੀ ਫੌਜ।
ਛੱਤਰ ਝੁਲੇਗਾ ਸੀਸ ਪਰ ਖ਼ੂਬ ਕਰੇਗੀ ਮੌਜ।
ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ।
ਖ਼ਵਾਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।

ਮੁਗਲ ਹੈਰਾਨ ਅਤੇ ਪਰੇਸ਼ਾਨ ਸਨ ਕਿ ਇਸ ਹਾਲਤ ਵਿਚ ਕੋਈ ਰੋਟੀ ਦਾ ਟੁਕੜਾ ਜਾਂ ਪਨਾਹ ਤਾਂ ਮੰਗ ਸਕਦਾ ਹੈ ਪਰ ਇਹ ਸਿੱਖ ਕਿਸ ਮਿੱਟੀ ਦੇ ਬਣੇ ਹਨ ਕਿ ਰਾਜ ਮੰਗਦੇ ਹਨ।

ਅੰਗਰੇਜ਼ ਚੂੰਕਿ ਖੁਦ ਟੋਪ ਧਾਰੀ ਸਨ ਸੋ ਉਹਨਾਂ ਨੇ ਇਸ ਨੂੰ ਪ੍ਰਵਾਨਗੀ ਦਵਾਉਣ ਲਈ ਕਈ ਕਿਸਮ ਦੀਆਂ ਇਤਿਹਾਸਕ ਹੇਰਾ ਫ਼ੇਰੀਆਂ ਟੋਡੀ ਬੱਚਿਆਂ ਅਤੇ ਝੋਲੀ ਚੁੱਕਾਂ ਰਾਹੀਂ ਪ੍ਰਚਲਤ ਕਰਨ ਦੀ ਕੋਸ਼ਿਸ਼ ਵੀ ਕੀਤੀ ਜਿਨ੍ਹਾਂ ਵਿਚ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹਾਦਤ ਦੇ ਸੰਦਰਭ ਵਿਚ 'ਟੋਪੀ ਵਾਲਾ ਖਾਲਸਾ' ਆਦਿ ਵਾਲੀਆਂ ਕਹਾਣੀਆਂ ਮਸ਼ਹੂਰ ਹਨ। ਪਰ ਇਸਦੇ ਬਾਵਜੂਦ ਕੌਮ ਦੀ ਜ਼ਮੀਰ ਉਹ ਨਹੀਂ ਖਰੀਦ ਸਕੇ। ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਤਵਾਰੀਖ ਸ੍ਰੀ ਅੰਮ੍ਰਿਤਸਰ' ਦੇ ਪੰਨਾ ੩੯ ਤੇ ਇਕ ਮੁਖੀ ਖਾਨਦਾਨ ਦੇ ਖ਼ੁਦਦਾਰ ਗੁਰਸਿੱਖ ਸਰਦਾਰ ਪ੍ਰੇਮ ਸਿੰਘ ਦਾ ਜ਼ਿਕਰ ਕੀਤਾ ਹੈ, "ਸ੍ਰਦਾਰ ਪ੍ਰੇਮ ਸਿੰਘ ਆਪਣੇ ਟੱਬਰ ਸਮੇਤ ਲੌਂਗੋਵਾਲ ਜਾ ਰਿਹਾ। ਸਰਕਾਰ ਅੰਗਰੇਜ਼ੀ ਨੇ ਸੱਦ ਕੇ ਪਿੰਡ ਦੇਣਾ ਚਾਹਿਆ ਪਰ ਉਹਨਾਂ ਜਵਾਬ ਦਿੱਤਾ ਕਿ ਅਸੀ "ਟੋਪੀ ਵਾਲੇ ਦਾ ਦਿੱਤਾ ਹੋਇਆ ਨਹੀਂ ਲਵਾਂਗੇ ਅਤੇ ਨਾ ਹੀ ਸਲਾਮ ਕਰਾਂਗੇ ਅਤੇ ਨਾ ਹੀ ਤਾਬਿਆਦਾਰੀ ਉਠਾਵਾਂਗੇ।"

ਅੰਗਰੇਜ਼ੀ ਜ਼ਮਾਨੇ ਵਿਚ ਜ਼ਮੀਰ ਫ਼ਰੋਸ਼ ਝੋਲੀ ਚੁੱਕ ਸਿੱਖ ਅੰਗਰੇਜ਼ ਹਾਕਮਾਂ ਨੂੰ ਟੋਪੀ ਵਾਲਾ ਸਿੱਖ ਕਹਿ ਕੇ ਸਨਮਾਨ ਦੇਣ ਤੱਕ ਦੀ ਕਰਤੂਤ ਕਰ ਲੈਂਦੇ ਸਨ। ਇਸ ਦਾ ਜ਼ਿਕਰ ਕਰਦਿਆਂ ਕਈ ਦਫ਼ਾ ਸ਼੍ਰੋਮਣੀ ਅਕਾਲੀ ਦਲ ਅਤੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹਿ ਚੁਕੇ ਮਾਸਟਰ ਤਾਰਾ ਸਿੰਘ ਆਪਣੇ ਕਿਤਾਬਚੇ 'ਗੁਰੂ ਪੰਥ ਦੀ ਚੜ੍ਹਦੀ ਕਲਾ' ਦੇ ਪੰਨਾ ੩ ਤੇ ਲਿਖਦੇ ਹਨ,

> "ਕਦੀ ਤਾਂ ਪੇਸ਼ਾ ਵਰ (professional) ਝੋਲੀ-ਚੁਕਾਂ ਨੇ ਟੋਪੀ ਵਾਲਾ ਸਿੱਖ ਬਣਾਇਆ ਸੀ। ਉਂਜ ਸਾਡੇ ਕੌਮੀ ਝੋਲੀ-ਚੁਕਾਂ ਨੇ ਟੋਪੀ ਵਾਲਾ ਬਾਪੂ ਬਣਾ ਲਿਆ ਹੈ। ਕੌਮੀਅਤ ਦੇ ਪਰਦੇ ਹੇਠਾਂ ਝੋਲੀ ਚੁਕ ਪੁਣਾ ਵਧੇਰੇ ਪਲ ਸਕਦਾ ਹੈ ਜਿਸ ਤਰ੍ਹਾਂ ਧਰਮ ਦੇ ਪਰਦੇ ਹੇਠਾਂ ਪਖੰਡ ਵਧੇਰੇ ਪਲਦਾ ਹੈ। ਮੈਂ ਸਾਰੇ ਕਾਂਗਰਸੀ ਸਿਖਾਂ ਨੂੰ ਕੌਮੀ ਝੋਲੀਚੁਕ ਨਹੀਂ ਕਹਿ ਰਿਹਾ, ਪਰ ਟੋਪੀ ਵਾਲਾ ਬਾਪੂ ਬਨਾਣ ਵਾਲਿਆਂ ਨੂੰ ਜਰੂਰ ਕਹਿ ਰਿਹਾ ਹਾਂ। ਫ਼ਿਰ ਇਹ ਭੀ ਹੋ ਸਕਦਾ ਹੈ ਕਿ ਟੋਪੀ ਵਾਲਾ ਬਾਪੂ ਬਨਾਣ ਵਾਲਿਆਂ ਵਿਚ ਕੁਝ ਭੁਲੜ ਵੀਰ ਭੀ ਹੋਣ ਜਿਹਨਾਂ ਨੇ ਇਹ ਸਮਝਿਆ ਹੀ ਨਾ ਹੋਵੇ ਕਿ ਟੋਪੀ ਵਾਲੇ ਨੂੰ ਬਾਪੂ ਕਹਿਣਾਂ ਕਲਗੀਆਂ ਵਾਲੇ ਪਿਤਾ ਤੋਂ ਇਨਕਾਰ ਕਰਨਾ ਹੈ। ਅਜਿਹੇ ਭੁਲੜ ਵੀਰਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਆਪਣੀ ਭੁਲ ਤੋਂ ਟਲ ਜਾਣ। ਸਿਖ ਦਾ ਪਿਤਾ ਤਾਂ ਕੇਵਲ ਕਲਗੀਆਂ ਵਾਲਾ, ਤੀਰ ਕਮਾਨ ਵਾਲਾ ਤੇ ਬਾਜ਼ਾਂ ਵਾਲਾ ਗੁਰੂ ਹੀ ਹੈ। ਬਹੁਤੇ ਪਿਤਾ ਨਾ ਬਣਾਉ।"

ਹਾਕਮ ਸ਼੍ਰੇਣੀ ਦਾ ਕਿਤਨਾ ਅਸਰ ਸਮਾਜ ਤੇ ਪੈਂਦਾ ਹੈ ਇਸਦਾ ਪ੍ਰਤਖ ਪ੍ਰਮਾਣ ਤੁਰਕੀ ਹੈ। ਦਸਤਾਰ ਲਈ ਦੁਲਬੰਦ ਸ਼ਬਦ ਦਾ ਤੁਰਕੀ ਰੂਪ ਤੱਲਬੰਦ (tülbend) ਇਹਨਾਂ ਦੀ ਦੇਣ ਸੀ। ਪਰ ਇਹ ਮੁਸਲਮ ਬਹੁਲ ਪ੍ਰਦੇਸ਼ ਜਦੋਂ ਪੱਛਮੀ ਸਭਿਅਤਾ ਦੀ ਹਨੇਰੀ ਅਤੇ ਵ੍ਹਾ-ਵਰੋਲੇ ਥੱਲੇ ਆਇਆ ਤਾਂ ੧੯੨੫ ਵਿਚ ਇਸ ਦੇਸ਼ ਵਿਚ ਕਾਨੂੰਨੀ ਤੌਰ ਤੇ ਪਗੜੀ ਤੇ ਪਾਬੰਦੀ ਲਗਾ ਦਿੱਤੀ ਗਈ।

ਐਪਰ ਜਿਹਨਾਂ ਨੇ ਅੱਜ ਆਪਣੇ ਆਪਣੇ ਆਪ ਹੀ ਦਸਤਾਰ ਲਾਹ ਕੇ ਉਸ ਦੀ ਥਾਂਵੇਂ ਟੋਪੀ ਪਾ ਲਈਆਂ ਹਨ ਉਹਨਾਂ ਲਾਵਾਰਸਾਂ ਦਾ ਕੋਈ ਵਾਲੀ ਵਾਰਸ ਹੈ? ਤਾਂ ਫ਼ਿਰ ਗੁਰੂ ਦੀ ਬਖ਼ਸ਼ਿਸ਼ ਇਸ ਦਸਤਾਰ ਤੋਂ ਮੁਨਕਰ ਹੋਣ ਦੀ ਪ੍ਰੇਰਨਾ ਸ੍ਰੋਤ ਕੀ ਬਿਸ਼ਨ ਸਿੰਘ ਬੇਦੀ ਦਾ ਧੰਨਵਾਦ ਕੀਤਾ ਜਾਵੇ ਜਿਸਨੇ ਬੱਚਿਆਂ ਦੇ ਸਿਰਾਂ ਤੋਂ ਦਸਤਾਰਾਂ ਉਤਰਵਾ ਕੇ ਟੋਪੀਆਂ ਪਵਾ ਕੇ ਜਰਮਨੀ ਦੀ ਮਸ਼ਹੂਰ ਲੋਕ ਗਾਥਾ ਦੇ ਨਾਇਕ ਹੇਮਲਿਨ ਦੇ ਪਾਈਡ ਪਾਈਪਰ Pied Piper of Hamelin ਦਾ ਰੋਲ ਅਦਾ ਕੀਤਾ ਹੈ?

ਪਗੜੀ ਪੱਤ ਅਤੇ ਇੱਜ਼ਤ ਦਾ ਇਕ ਅਹਿਮ ਚਿੰਨ੍ਹ ਹੈ ਜੋ ਦੂਸਰਿਆਂ ਦੀ ਇੱਜ਼ਤ ਵੀ ਢੱਕਣ ਦੀ ਸਮਰੱਥ ਹੈ। "ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥ ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥੧॥"(੫੨੦) ੧੯੭੧ ਦੀ ਬੰਗਲਾ ਦੇਸ਼ ਦੀ ਆਜ਼ਾਦੀ ਦੀ ਲੜਾਈ ਸਮੇਂ ਦਾ ਇਕ ਅਹਿਮ ਤੱਥ ਸਮਕਾਲੀਨ ਇਤਿਹਾਸਕਾਰਾਂ ਨੇ ਅੰਕਤ ਕੀਤਾ ਹੈ ਕਿ 'ਹਿੰਦ ਦੀ ਚਾਦਰ' ਦੇ ਵਾਰਸ ਸਿੱਖ ਫ਼ੌਜੀਆਂ ਨੇ ਆਪਣੀ ਇਸ ਦਸਤਾਰ ਦੇ ਨਾਲ ਹੀ ਹਜ਼ਾਰਾਂ ਬੰਗਲਾ ਦੇਸ਼ੀ ਅਬਲਾਵਾਂ ਦੀ ਪੱਤ ਢੱਕੀ।

ਪਗੜੀ ਇੱਜ਼ਤ ਦਾ ਸੰਕੇਤਾਤਮਕ ਚਿੰਨ੍ਹ ਹੈ ਇਸ ਬਾਰੇ ਜਦੋਂ ਨੱਬੇ ਹਜ਼ਾਰ ਤੋਂ ਵੱਧ ਪਾਕਿਸਤਾਨੀਆਂ ਨੇ ਜਨਰਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਹਥਿਆਰ ਸੁੱਟੇ ਉਸ ਵੇਲੇ ਕਿਸੇ ਸ਼ਾਇਰ ਨੇ ਵਿਅੰਗ ਕੀਤਾ ਸੀ,

ਅਮਰੀਕਾ ਨੇ ਪਾਕਿਸਤਾਨ ਕੋ ਧਮਕਾਇਆ।
ਭੁੱਟੋ ਕਾ ਗਿਰੇਬਾਨ ਪਕੜ ਕਰ ਜ਼ੋਰ ਸੇ ਹਿਲਾਇਆ ।
ਕੰਮਬਖ਼ਤੋ ! ਅਪਨਾ ਸਿਰ ਝੁਕਾ ਕਰ ਹਮਾਰੀ ਪਗੜੀ ਉਛਾਲਤੇ ਹੋ?
ਹਿੰਦੁਸਤਾਨ ਕੇ ਆਗੇ ਹਮਾਰੇ ਹਥਿਆਰ ਡਾਲਤੇ ਹੋ?

ਗੁਰੂ ਕਿਆ ਸਿੱਖਾ ! ਤੇਰੀ ਇਸ ਦਸਤਾਰ ਦੇ ਹੱਕ ਨੂੰ ਕਾਇਮ ਰੱਖਣ ਲਈ ਕੌਮ ਨੂੰ ਕਈ ਵਾਰ ਜਦੋਜਹਿਦ ਵੀ ਕਰਨੀ ਪਈ ਹੈ, ਜਿਹਨਾਂ ਵਿਚ ਕਾਂਨੂੰਨੀ ਲੜਾਈ ਲੜਣ ਤੋਂ ਇਲਾਵਾ ਮੋਰਚੇ ਤੱਕ ਲਾਉਣ ਲਈ ਮਜਬੂਰ ਹੋਣਾ ਪਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਜਨਰਲ ਇਜਲਾਸ ਵਿਚ ਪੰਜਾਬ ਸਰਕਾਰ ਤੋਂ ਪੁਲਿਸ ਵਿਚ ਸਿੱਖੀ ਰਹਿਤ ਬਹਿਤ ਰੱਖਣ ਬਾਰੇ ੨੬ ਅਕਤੂਬਰ, ੧੯੪੧ ਨੂੰ ਸਰਬ ਸੰਮਤੀ ਨਾਲ ਇਹ ਮਤਾ ਪਾਸ ਕੀਤਾ,

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਸਮਾਗਮ ਪੰਜਾਬ ਸਰਕਾਰ ਪਾਸੋਂ ਇਹ ਮੰਗ ਕਰਦਾ ਹੈ ਕਿ ਮਹਿਕਮਾ ਪੁਲਿਸ ਵਿਚ ਭਰਤੀ ਹੋਏ ਸਿੱਖ ਨੌਜਵਾਨਾ ਨੂੰ ਵੀ ਸਿੱਖ ਰੂਲਜ਼ ਆਫ਼ ਕੰਡਕਟ (ਸਿੱਖੀ ਰਹਿਤ ਬਹਿਤ ਉਸੇ ਤਰ੍ਹਾਂ ਔਬਜ਼ਰਵ ਕਰਾਈ ਜਾਵੇ ਜਿਸ ਤਰ੍ਹਾਂ ਕਿ ਮਹਿਕਮਾ ਫ਼ੌਜ ਵਿਚ ਭਰਤੀ ਸਿੱਖਾਂ ਨੂੰ ਕਰਵਾਈ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਉਹ ਚੰਗੇ ਪੁਲਿਸ ਮੈਨ ਵੀ ਸਾਬਤ ਹੋਣਗੇ ਤੇ ਸਿੱਖ ਨੁਕਤਾ ਨਿਗਾਹ ਉਨ੍ਹਾਂ ਤੇ ਕੋਈ ਧਾਰਮਿਕ ਇਤਰਾਜ਼ ਵੀ ਨਹੀਂ ਹੋਵੇਗਾ।"

ਇਹ ਮੰਗ ਫਿਰੰਗੀ ਸਰਕਾਰ ਪਾਸੋਂ ਕੀਤੀ ਗਈ ਸੀ। ਹੁਣ ਤਾਂ ਪੰਜਾਬ ਵਿਚ 'ਪੰਥਕ ਸਰਕਾਰ' ਹੈ ਅਤੇ ਇਸ ਦੀ ਸੂਬੇ ਅਤੇ ਕੇਂਦਰ ਸਰਕਾਰ ਵਿਚ ਭਾਈ ਵਾਲੀ ਵੀ ਧਾਰਮਿਕ ਸਿਧਾਂਤਾਂ ਦੇ ਅਸੂਲਾਂ ਦੀ ਗੱਲ ਕਰਨ ਵਾਲੀ ਪਾਰਟੀ ਨਾਲ ਹੈ ਪਰ ਇਸਦੇ ਬਾਵਜੂਦ ਉਕਤ ਮਤੇ ਨੂੰ ਲਾਗੂ ਕਰਾਨਾ ਤਾਂ ਦਰਕਿਨਾਰ ਪੁਲਿਸ ਵਿਚ ਸਾਬਤ ਸੂਰਤ ਪੁਲਿਸ ਵਾਲਾ ਮਿਲ ਜਾਣਾ ਹੀ ਬੜੀ ਵੱਡੀ ਗਨੀਮਤ ਹੋ ਗਈ ਹੈ। ਰਹਿਤ ਦੀ ਗੱਲ ਕਰਦਿਆਂ ਕਰਦਿਆ ਹੁਣ ਤਾਂ ਪੁਲਿਸ ਵਾਲਿਆਂ ਦੀਆ ਦਸਤਾਰਾਂ ਵੀ ਉਤਾਰ ਕੇ ਉਹਨਾਂ ਦੀ ਥਾਵੇਂ ਪਟਕੇ ਨਜ਼ਰ ਆਣੇ ਸ਼ੁਰੂ ਹੋ ਗਏ ਹਨ। ਆਮੀਨ !

੧੯੯੯ ਵਿਚ ਬਰਤਾਨੀਆ ਦੀ ਇਕ ਟ੍ਰਾਂਸਪੋਰਟ ਕੰਪਨੀ ਨੇ ਦਸਤਾਰ ਤੇ ਪਾਬੰਦੀ ਆਇਦ ਕਰ ਦਿੱਤੀ। ਇਸ ਤੇ ੨੭ ਮਾਰਚ, ੧੯੯੯ ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਨੇ ਇਸ ਬਾਰੇ ਮਤਾ ਪਾਸ ਕੀਤਾ,

> "ਬਰਤਾਨੀਆ ਦੀ ਇਕ ਟ੍ਰਾਂਸਪੋਰਟ ਕੰਪਨੀ ਵਲੋਂ ਸਿੱਖਾਂ ਦੀ ਦਸਤਾਰ ਤੇ ਲੱਗੀ ਹੋਈ ਪਾਬੰਦੀ ਅਫ਼ਸੋਸਨਾਕ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਇਜਲਾਸ ਇਸ ਤੇ ਜ਼ੋਰਦਾਰ ਰੋਸ ਪ੍ਰਗਟ ਕਰਦਾ ਹੈ। ਅੰਗਰੇਜ਼ ਸਿੱਖਾਂ ਦੀ ਧਾਰਮਿਕ ਰਹੁਰੀਤ ਤੋਂ ਅਨਜਾਣ ਨਹੀਂ ਹੈ ਅਤੇ ਉਹ ਜਾਣਦਾ ਹੈ ਕਿ ਦਸਤਾਰ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ ਤੇ ਇਸ ਤੇ ਪਾਬੰਦੀ ਉਹਨਾਂ ਲਈ ਅਸਹਿ ਹੈ। ਦੁੱਖ ਦੀ ਗੱਲ ਹੈ ਕਿ ਇਹ ਸਭ ਕੁਝ ਜਾਣਦੇ ਹੋਏ ਉਸ ਨੇ ਇਹ ਪਾਬੰਦੀ ਲਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਮਾਗਮ ਭਾਰਤ ਸਰਕਾਰ ਦਾ ਧਿਆਨ ਇਸ ਪਾਸੇ ਵਲ ਦਿਵਾਉਂਦਾ ਹੋਇਆ ਮੰਗ ਕਰਦਾ ਹੈ ਕਿ ਉਹ ਬਰਤਾਨੀਆ ਸਰਕਾਰ ਨਾਲ ਸਫ਼ਾਰਤੀ ਪੱਧਰ ਤੇ ਗਲ-ਬਾਤ ਕਰਕੇ ਇਹ ਪਾਬੰਦੀ ਰੁਕਵਾਏ।"

ਕਈ ਵਾਰ ਸਰਕਾਰਾਂ ਵੀ ਦਸਤਾਰ ਧਾਰਨ ਕਰਨ ਦੇ ਬੁਨਿਆਦੀ ਹੱਕ ਤੇ ਹਮਲਾਵਰ ਹੋ ਜਾਂਦੀਆਂ ਹਨ। ੧੯੮੪ ਵਿਚ ਸਾਕਾ ਬਲਿਊ ਸਟਾਰ ਤੋਂ ਪਹਿਲਾਂ ਭਾਰਤੀ ਫ਼ੌਜ ਦੇ ਰਸਾਲੇ 'ਬਾਤਚੀਤ' ਵਿਚ ਕੇਵਲ ਕੇਸਰੀ ਸਿਰਪਾਉ ਬੰਨਣ ਵਾਲੇ ਕਿਸੇ ਸਿੱਖ ਨੂੰ ਹੀ ਦਹਿਸ਼ਤ ਗਰਦ ਕਰਾਰ ਦੇ ਦਿੱਤਾ ਗਿਆ ਸੀ।

ਸਰਕਾਰ ਵਲੋਂ ਇਕ ਹੋਰ ਮਸਲੇ ਵਿਚ ਸਿੱਖਾਂ ਨੂੰ ਬਾਰ ਬਾਰ ਉਲਝਾਇਆ ਜਾਂਦਾ ਹੈ, ਉਹ ਹੈ 'ਹੈਲਮਟ' ਦਾ। ਹੈਲਮਟ ਦਾ ਤੋਹਫ਼ਾ ਸਿੱਖ

ਕੌਮ ਨੂੰ ਇਹ ਕਹਿ ਕੇ ਪੇਸ਼ ਕੀਤਾ ਜਾਂਦਾ ਹੈ ਕਿ ਇਹ ਤੁਹਾਡੀ ਹਿਫ਼ਾਜ਼ਤ ਲਈ ਸਰਕਾਰ ਦੀ ਚਿੰਤਾ ਦਾ ਨਤੀਜਾ ਹੈ। ਸ਼ਰਾਬ, ਤੰਬਾਕੂ, ਨਸ਼ੇ, ਸਭਿਆਚਾਰਕਤਾ ਦੇ ਨਾਮ ਤੇ ਇਖਲਾਕ ਹੀਣਤਾ ਵੱਲ ਧਕਣ ਵਾਲੇ ਪ੍ਰੋਗਰਾਮ ਸ਼ਾਇਦ ਸਰਕਾਰ ਦੇ 'ਚਿੰਤਾ ਵਾਲੀ ਫ਼ਹਿਰਿਸ਼ਤ' ਜਾਂ ਜਨਹਿਤ ਕਾਰਜਾਂ ਦੀ ਸੂਚੀ ਵਿਚ ਨਹੀਂ ਹਨ। ਪਰ ਜਿਹੜੀ ਗੱਲ ਸਿੱਖਾਂ ਨੂੰ ਧਰਮ ਵਿਹੀਣਤਾ ਅਤੇ ਗੁਰੂ ਤੋਂ ਵਿਮੁਖਤਾ ਵਲ ਲਿਜਾਂਦੀ ਹੈ, ਇਹਨਾਂ ਨੂੰ ਆਪਣੇ ਗੁਰੂ ਨਾਲੋਂ ਤੋੜਦੀ ਹੈ, ਉਹ ਇਹਨਾਂ ਦੇ ਵਿਰੋਧ ਦੇ ਬਾਵਜੂਦ ਇਹਨਾਂ ਦੇ ਉੱਤੇ ਥੋਪੀ ਜਾਂਦੀ ਹੈ। ਦੇਸ਼ ਦੀਆਂ ਸਰਹੱਦਾਂ ਤੇ ਰਾਖੀ ਰਤ ਸਿੱਖ ਫ਼ੌਜੀ ਜੋ ਹਰ ਸਮੇਂ ਵਰ੍ਹਦੀ ਗੋਲੀ ਵਿਚ ਆਪਣਾ ਫ਼ਰਜ਼ ਨਿਭਾਂਦੇ ਹਨ ਉਹਨਾਂ ਨੇ ਤਾਂ ਕਦੇ ਇਸ ਕਿਸਮ ਦੀ ਮੰਗ ਨਹੀਂ ਕੀਤੀ ਪਰ ਮੋਟਰ ਸਾਈਕਲ ਸਵਾਰਾਂ ਨੂੰ ਹੈਲਮਟ ਪਾਣ ਲਈ ਮਜਬੂਰ ਕਰਨਾ ਸਿੱਖਾਂ ਦੀ ਧਾਰਮਿਕ ਆਜ਼ਾਦੀ ਦਾ ਹਨਨ ਹੈ।

ਦੂਜੀ ਆਲਮੀ ਜੰਗ ਸਮੇਂ ਫ਼ੌਜ ਵਿਚ ਸਿਖਾਂ ਲਈ ਵੀ ਹੈਲਮਟ ਤਜਵੀਜ਼ ਕੀਤਾ ਗਿਆ ਸੀ ਪਰ ਬਾਵਜੂਦ ਕੋਰਟ ਮਾਰਸ਼ਲ ਦੇ ਸਿੱਖ ਫ਼ੌਜੀਆਂ ਨੇ ਇਸ ਨੂੰ ਪਹਿਨਣ ਤੋਂ ਇਨਕਾਰ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਫ਼ਰਜ਼ ਪਛਾਣਿਆ ਅਤੇ ੩ ਅਪ੍ਰੈਲ, ੧੯੪੦ ਨੂੰ ਦੇ ਉਚੇਚੇ ਜਨਰਲ ਸਮਾਗਮ ਵਿਚ ਜੋ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ, ਉਸ ਵਿਚ ਹੈਲਮਟ ਦੇ ਪਹਿਨਣ ਤੇ ਪਾਬੰਦੀ ਲਗਾ ਦਿੱਤੀ। ਉਸ ਸਮੇਂ ਪਾਸ ਕੀਤਾ ਗਿਆ ਮਤਾ ਇਸ ਤਰ੍ਹਾਂ ਸੀ,

> "ਹਿੰਦੁਸਤਾਨੀ ਫ਼ੌਜਾਂ ਲਈ ਤਜਵੀਜ਼ ਕੀਤੀ ਸਟੀਲ ਹੈਲਮਟ ਜੋ ਅੰਗਰੇਜ਼ੀ ਟੋਪੀ ਵਰਗੀ ਹੈ, ਸਿੱਖ ਰਹਿਤ ਮਰਯਾਦਾ ਤੇ ਜਜ਼ਬਾਤ ਨੂੰ ਨਜ਼ਰ ਅੰਦਾਜ਼ ਕਰਦੀ ਹੈ, ਇਸ ਲਈ ਇਸ ਦੇ ਪਹਿਨਣ ਦੀ ਮੁਮਾਨੀਅਤ ਕੀਤੀ ਜਾਂਦੀ ਹੈ।"

ਇਥੇ ਵਿਚਾਰ ਯੋਗ ਗੱਲ ਇਹ ਹੈ ਕਿ ਮਤੇ ਰਾਹੀਂ ਸਰਕਾਰ ਇੰਗਲੀਸ਼ੀਆਂ ਤੋਂ ਕੋਈ ਮੰਗ ਨਹੀਂ ਕੀਤੀ ਗਈ ਬਲਕਿ ਸਿੱਖਾਂ ਦੀ ਇਸ ਸਦਰ ਅੰਜੁਮਨ, ਸ਼੍ਰੋਮਣੀ ਕਮੇਟੀ ਨੇ ਆਪਣੇ ਤੌਰ ਤੇ ਹੈਲਮਟ ਤੇ ਪਾਬੰਦੀ ਲਗਾ ਦਿੱਤੀ। ਇਸ ਨੂੰ ਵੇਖਦਿਆਂ ਸਰਕਾਰ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ।

ਇਸ ਦੇ ਬਾਅਦ ੧੯੭੩ ਵਿਚ ਵੀ ਇੰਗਲੈਂਡ ਵਿਚ ਮੋਟਰ ਸਾਇਕਲ ਸਵਾਰਾਂ ਨੂੰ ਹੈਲਮਟ ਦੀ ਪਾਬੰਦੀ ਦਾ ਸਾਮ੍ਹਣਾ ਕਰਨਾ ਪਿਆ। ਇਸ ਬਾਰੇ ਵੀ ੨੯ ਨਵੰਬਰ, ੧੯੭੩ ਨੂੰ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਜਨਰਲ ਸਮਾਗਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਹੇਠ ਹੋਇਆ ਅਤੇ ਇਸ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ:

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਹ ਜਨਰਲ ਸਮਾਗਮ ਇੰਗਲੈਂਡ ਦੀ ਸਰਕਾਰ ਵੱਲੋਂ ਮੋਟਰ ਸਾਈਕਲਸਟਾਂ ਵਾਸਤੇ ਲੋਹ-ਟੋਪ ਪਾਉਣ ਦੀ ਪਾਬੰਦੀ ਤੋਂ ਸਿੱਖਾਂ ਨੂੰ ਛੋਟ ਨਾ ਦੇਣ ਉੱਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਇਹ ਗੱਲ ਹੋਰ ਵੀ ਦੁਖਦਾਈ ਹੈ ਕਿ ਯੂ. ਕੇ. ਦੀ ਸਰਕਾਰ ਨੇ ਇਸ ਇਤਿਹਾਸਕ ਅਤੇ ਧਾਰਮਿਕ ਸਚਾਈ ਨੂੰ ਜਾਣਦੇ ਹੋਏ ਵੀ ਕਿ ਕਿਸੇ ਤਰ੍ਹਾਂ ਦੀ ਟੋਪੀ ਪਾਉਣੀ ਸਿੱਖਾਂ ਲਈ ਮਨ੍ਹਾ ਹੈ, ਇਹ ਪਾਬੰਦੀ ਕਾਇਮ ਰੱਖੀ ਹੈ। ਸਿੱਖ ਜਗਤ ਵਿਚ ਇਹ ਅਹਿਸਾਸ ਉਭਰ ਰਿਹਾ ਹੈ ਕਿ ਇਸ ਅਯੋਗ ਪਾਬੰਦੀ ਤੋਂ ਸਿੱਖ ਮੋਟਰ ਸਾਈਕਲਿਸਟਾਂ ਨੂੰ ਛੋਟ ਨਾ ਦੇ ਕੇ ਇੰਗਲੈਂਡ ਦੀ ਸਰਕਾਰ ਸਿੱਖਾਂ ਦੇ ਧਾਰਮਿਕ ਜਜ਼ਬਿਆਂ ਤੇ ਸੱਟ ਹੀ ਨਹੀਂ ਮਾਰ ਰਹੀ, ਸਗੋਂ ਸਿੱਖ ਧਰਮ ਵਿਚ ਟੇਢੇ ਢੰਗ ਨਾਲ ਦਖਲ ਦੇ ਕੇ ਸਿੱਖਾਂ ਨਾਲ ਅਨਿਆਂ ਭਰਪੂਰ ਵਿਤਕਰਾ ਕਰ ਰਹੀ ਹੈ।

ਇਹ ਸਮਾਗਮ ਭਾਰਤ ਦੀ ਕੇਂਦਰੀ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਉਹ ਯ.ਕੇ. ਵਿਚ ਵਸਦੇ ਸਿੱਖਾਂ ਤੇ ਲਾਈ ਗਈ ਇਸ ਧਰਮ ਵਿਰੋਧੀ ਪਾਬੰਦੀ ਨੂੰ ਖਤਮ ਕਰਾਉਣ ਲਈ ਸਰਕਾਰੀ ਪੱਧਰ ਤੇ ਜ਼ੋਰ ਪਾਏ, ਕਿਉਂਕਿ ਵਿਦੇਸ਼ਾਂ ਵਿਚ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰਨਾ ਭਾਰਤ ਸਰਕਾਰ ਦੀ ਇਕ ਜ਼ਿੰਮੇਵਾਰੀ ਹੈ।"

ਆਖਿਰ ਵਿਚ ਬਰਤਾਨੀਆ ਸਰਕਾਰ ਨੇ ਇਹ ਪਾਬੰਦੀ ਹਟਾਉਣ ਲਈ ਪਾਰਲੀਮੈਂਟ ਦਾ ਕਾਨੂੰਨ ਪਾਸ ਕਰ ਦਿੱਤਾ। ਇਸੇ ਤਰ੍ਹਾਂ ਕੈਨੇਡਾ ਵਿਚ ਵੀ ਮੋਟਰ ਸਾਈਕਲ ਸਵਾਰ ਲਈ ਹੈਲਮਟ ਲਾਜ਼ਮੀ ਸੀ। ਲੰਬੀ ਜੱਦੋਜਹਿਦ ਦੇ ਬਾਅਦ ਦਸਤਾਰ ਦਾ ਇਹ ਮੋਰਚਾ ਉੱਥੇ ਵੀ ਫ਼ਤਹਿ ਹੋਇਆ। ਦਸਤਾਰ ਦੀ ਪਾਬੰਦੀ ਬਰਤਾਨੀਆ ਦੀ ਸਰਕਾਰ ਨੇ ਉਚੇਚੇ ਐਕਟ ਰਾਹੀਂ ਅਤੇ ਕੈਨੇਡਾ ਦੀ ਸਰਕਾਰ ਨੇ ਸਰਕਾਰੀ ਹੁਕਮ ਨਾਲ ਦੂਰ ਕਰਕੇ ਸਿੱਖਾਂ ਦੀ ਇਹ ਹੱਕੀ ਮੰਗ ਮੰਨ ਲਈ ਪਰ

੩੦ ਨਵੰਬਰ, ੨੦੦੦ ਦੇ ਆਪਣੇ ਜਨਲਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਨੇ ਇਹ ਧੱਕਾ ਹਟਵਾਉਣ ਲਈ ਇਕ ਮਤਾ ਨੰਬਰ ੧੩ ਵੀ ਪਾਸ ਕਰਕੇ ਕੇਂਦਰ ਸਰਕਾਰ ਤੋਂ ਇਕ ਵਾਰ ਫਿਰ ਮੰਗ ਕੀਤੀ ਹੈ ਜੋ ਇਸ ਤਰ੍ਹਾਂ ਹੈ;

> "ਅੱਜ ਦਾ ਜਨਰਲ ਅਜਲਾਸ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਸਮੁੱਚੇ ਭਾਰਤ ਵਿਚ ਦੁਪੱਹੀਆ ਵਾਹਨਾਂ ਤੇ ਸਵਾਰ ਸਿੱਖ ਔਰਤਾਂ ਨੂੰ ਹੈਲਮਟ ਤੋਂ ਛੋਟ ਦੇਣ ਲਈ ਕਾਨੂੰਨ ਵਿਚ ਤਬਦੀਲੀ ਕੀਤੀ ਜਾਵੇ, ਕਿਉਂਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਕਿਸੇ ਵੀ ਸਿੱਖ (ਮਰਦ ਜਾਂ ਔਰਤ) ਲਈ ਕਿਸੇ ਵੀ ਰੂਪ ਵਿਚ ਟੋਪੀ ਜਾਂ ਹੈਲਮਟ ਦੀ ਵਰਤੋਂ ਵਿਵਰਜਤ ਹੈ।"

ਸੱਠ ਸਾਲ ਇਹਨਾਂ 'ਮੰਗਾਂ' ਦੇ ਮਤਿਆਂ ਨੂੰ ਪਾਸ ਕਰਦਿਆਂ ਹੋ ਗਏ ਹਨ। ਮਤਿਆਂ ਦੀਆਂ ਕਿਤਾਬਾਂ ਛਪ ਕੇ ਇਤਿਹਾਸ ਦੇ ਅੰਗ ਬਣ ਚੁਕੇ ਹਨ ਪਰ ਨਤੀਜੇ ਲਈ ਪਤਾ ਨਹੀਂ ਇਹ ਮੰਗਣਾ ਕਦ ਤੱਕ ਜਾਰੀ ਰਹੇਗਾ ਅਤੇ ਇਸਦੀ ਪੂਰਤੀ ਲਈ ਕਿਤਨਾ ਚਿਰ ਹੋਰ ਇੰਤਜ਼ਾਰ ਕਰਨਾ ਪਵੇਗਾ। ਕੀ ਤਦ ਤੱਕ ਜਦ ਤੱਕ ਕਿ ਆਉਣ ਵਾਲੀ ਪੀੜ੍ਹੀ ਇਸ ਟੋਪੀ ਜਾਂ ਹੈਲਮਟ ਨੂੰ ਇਕ ਮਸਲਾ ਹੀ ਸਮਝਣਾ ਬੰਦ ਕਰ ਦਵੇ? ਵੈਸੇ ਤਾਂ ਭਾਰਤੀ ਸੰਸਕ੍ਰਿਤੀ ਦਾ ਇਹ ਇਕ ਅਹਿਮ ਸਬਕ ਹੈ 'ਰਹਿਮਨ ਵੇ ਨਰ ਮਰ ਚੁਕੇ ਜੋ ਕਹੂੰ ਮਾਂਗਨ ਜਾਏ।' ਪਰ ਜਾਪਦਾ ਹੈ ਅਸੀਂ ਰਹੀਮ ਦੇ ਇਸ ਦੋਹੇ ਦੀ ਅਗਲੀ ਤੁਕ 'ਉਨ ਤੇ ਪਹਿਲੇ ਵੇ ਮੂਏ ਜਿਨ ਮੁਖ ਨਿਕਸਤ ਨਾਂਹਿ।' ਤੋਂ ਪ੍ਰਭਾਵਤ ਹੋ ਕੇ ਮੰਗਣਾ ਬੰਦ ਨਹੀਂ ਕੀਤਾ।

ਇਹ ਇਕ ਤਸੱਲੀ ਦਾ ਵਿਸ਼ਾ ਹੈ ਕਿ ਕਾਫ਼ੀ ਜਦੋਜਹਿਦ ਦੇ ਬਾਅਦ ਦਿੱਲੀ ਦੀ 'ਕਾਂਗਰਸੀ ਸਰਕਾਰ' ਨੇ ਇਹ ਹੈਲਮਟ ਦੀ ਪਾਬੰਦੀ ਸਮਾਪਤ ਕਰ ਦਿੱਤੀ ਹੈ। ਪਰ ਪੰਜਾਬ ਅਤੇ ਕੇਂਦਰ ਵਿਚ ਰਾਜ ਮਾਣ ਰਹੀ ਕਰਮਵਾਰ 'ਪੰਥਕ ਸਰਕਾਰ' ਅਤੇ ਇਸਦੀ ਭਾਈ ਵਾਲ ਸਰਕਾਰ ਨੂੰ ਕਿੰਨਾਂ ਸਮਾਂ ਹੋਰ ਲਗੇਗਾ, ਇਹ ਰਾਜਨੀਤਕ ਪੰਡਤ ਹੀ ਦਸ ਸਕਦੇ ਹਨ।

ਇਹ ਇਕ ਸੁਖਦ ਅਹਿਸਾਸ ਹੈ ਕਿ ਅਮਰੀਕਨ ਸਿੰਘ ਸਿੰਘਣੀਆਂ ਅਤੇ ਹੋਰ ਵਿਦੇਸ਼ੀ ਸਿੱਖ ਇਸ ਦਸਤਾਰ ਦੀ ਸ਼ਾਨ ਵਧਾ ਰਹੇ ਹਨ ਪਰ ਕੌਮ ਅਤੇ ਕੌਮੀ ਆਗੂਆਂ ਨੂੰ ਆਪਣੀ ਕਾਰਕਰਦਗੀ ਦਾ ਲੇਖਾ ਜੋਖਾ ਕਰਦਿਆਂ ਇਸ ਬਾਰੇ ਚੇਤੰਨ ਹੋਣ ਦੀ ਲੋੜ ਹੈ ਕਿ ਕਿਤਨਿਆਂ ਨੇ ਅਨਮਤੀ ਸਭਿਅਤਾ ਦਾ ਅਸਰ ਕਬੂਲਦਿਆਂ ਗੁਰੂ ਦੀ ਇਸ ਦਸਤਾਰ ਨੂੰ ਤਿਲਾਂਜਲੀ ਦੇ ਦਿੱਤੀ ਹੈ।

ਗੁਰਦੁਆਰਾ ਸੁਧਾਰ ਲਹਿਰ ਵੇਲੇ ਜਦੋਂ ਨਨਕਾਣਾ ਸਾਹਿਬ ਦਾ ਖੂਨੀ ਸਾਕਾ ਵਾਪਰਿਆ ਤਾਂ ਉਸ ਵੇਲੇ ਪੰਥ ਨੇ ਰੋਸ ਵਜੋਂ ਕਾਲੇ ਦਸਤਾਰੇ ਅਤੇ ਕਾਲੇ ਦੁਪੱਟੇ ਧਾਰਣ ਕਰਨ ਦਾ ਐਲਾਨ ਕੀਤਾ। ਥਾਂ ਥਾਂ ਤੇ ਸੰਗਤਾਂ ਵਲੋਂ ਮੱਟ ਲਾ ਕੇ ਹਰ ਕਿਸੇ ਦੀ ਦਸਤਾਰ ਜਾਂ ਚੁੰਨੀ ਨੂੰ ਕਾਲੇ ਰੰਗ ਵਿਚ ਰੰਗ ਦਿੱਤਾ ਜਾਂਦਾ ਸੀ। ਕਈ ਵਾਰ ਤਾਂ ਨਿਰਮਲ ਹਿਰਦੇ ਵਾਲੇ ਬਜ਼ੁਰਗ ਕਹਿ ਦਿੰਦੇ ਸਨ ਦਿਲ ਕਾਲਾ ਹੋਣਾ ਚਾਹੀਦਾ ਹੈ, ਪੱਗ ਦੇ ਰੰਗ ਨਾਲ ਕੀ ਫਰਕ ਪੈਂਦਾ ਹੈ? ਸਰਕਾਰ ਨੂੰ ਕਾਲੀਆਂ ਚੁੰਨੀਆ ਅਤੇ ਦਸਤਾਰਾਂ ਦਾ ਹੜ੍ਹ ਵੇਖ ਵੇਖ ਕੇ ਇਸ ਨੂੰ ਆਪਣੀ ਹਕੂਮਤ ਦੇ ਖਿਲਾਫ਼ ਇਕ ਬਗਾਵਤ ਨਜ਼ਰ ਆਂਦੀ ਸੀ। ਇਸ ਰੋਸ ਲਹਿਰ ਨੂੰ ਕੁਚਲਣ ਅਤੇ ਬੰਦ ਕਰਣ ਦੇ ਯਤਨਾਂ ਦੇ ਬਾਵਜੂਦ ਇਸ ਲਹਿਰ ਨੂੰ ਠੱਲ ਨਾ ਪਾਈ ਜਾ ਸਕੀ ਅਤੇ ਇਹ ਕਾਲੀਆਂ ਦਸਤਾਰਾਂ ਫ਼ੌਜੀਆਂ ਨੇ ਵੀ ਪਾਣੀਆਂ ਸ਼ੁਰੂ ਕਰ ਦਿੱਤੀਆਂ। ਇਸ ਕਰ ਕੇ ਕਈ ਫ਼ੌਜੀਆਂ ਨੂੰ ਕੋਰਟ ਮਾਰਸ਼ਲ ਦਾ ਸਾਮ੍ਹਣਾ ਕਰਨਾ ਪਿਆ ਪਰ ਕੌਮੀ ਗੌਰਵ ਅਤੇ ਦਸਤਾਰ ਤੇ ਉਹਨਾਂ ਨੇ ਆਂਚ ਨਾ ਆਉਣ ਦਿੱਤੀ।

ਰਾਜਨੀਤੀ ਦੇ ਗਿਆਤਾ ਵਿਦਵਾਨਾਂ ਜਿਹਾ ਕਿ ਚਾਣਕਯਾ ਆਦਿ ਨੇ ਵੀ ਰਾਜ ਕਰਨ ਲਈ ਸ਼ਾਸਤ੍ਰਾਂ ਅਨੁਸਾਰ ਚਾਰ ਤਰੀਕੇ ਵਰਤਣ ਦਾ ਵਿਧਾਨ ਦ'ਸਿਆ ਹੈ, ਸਾਮ, ਦਾਮ, ਦੰਡ ਅਤੇ ਭੇਦ। ਰਾਜ ਇਹਨਾਂ ਤਰੀਕਿਆਂ ਨਾਲ ਹੀ ਚਲਾਇਆ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ 'ਰਾਮਾਵਤਾਰ' ਵਿਚ ਲਿਖਦੇ ਹਨ ਕਿ ਜਦੋਂ ਸੀਆ ਪਤੀ ਰਾਮ ਬਨਵਾਸ ਤੋਂ ਬਾਅਦ ਵਾਪਸ ਅਯੁਧਿਆ ਆਏ ਅਤੇ ਰਾਜ ਕਾਜ ਸੰਭਾਲਿਆ ਤਾਂ ਸ਼ਾਸਤ੍ਰ ਅਤੇ ਵੇਦ ਪ੍ਰਵਾਨਤ ਵਰਣ ਆਸ਼੍ਰਮ ਅਤੇ ਇਹਨਾਂ ਚਾਰ ਤਰੀਕਿਆਂ ਸਾਮ, ਦਾਮ, ਦੰਡ ਅਤੇ ਭੇਦ ਨਾਲ ਹੀ 'ਰਾਮ ਰਾਜ' ਦਾ ਸੰਚਾਲਨ ਕੀਤਾ;

*ਬਹੁ ਬਿਧਿ ਕਰੋ ਰਾਜ ਕੋ ਸਾਜਾ। ਦੇਸ ਦੇਸ ਕੇ ਜੀਤੇ ਰਾਜਾ॥*
*ਸਾਮ ਦਾਮ ਅਰੁ ਦੰਡ ਸਭੇਦਾ ॥ ਜਿਹ ਬਿਧਿ ਹੁਤੀ ਸਾਸਨਾ ਬੇਦਾ॥੮੩੭॥*
*ਬਰਨ ਬਰਨ ਅਪਨੀ ਕ੍ਰਿਤ ਲਾਏ॥ ਚਾਰ ਚਾਰ ਹੀ ਬਰਨ ਚਲਾਏ॥*
*ਛਤ੍ਰੀ ਕਰੈਂ ਬਿੱਪ੍ਰ ਕੀ ਸੇਵਾ॥ ਬੈਸ ਲਖੈ ਛੱਤ੍ਰੀ ਕਹ ਦੇਵਾ॥੮੩੮॥*
*ਸੂਦ੍ਰ ਸਭਨ ਕੀ ਕੇਵ ਕਮਾਵੈ॥ ਜਹ ਕੋਈ ਕਹੈ ਤਹੀ ਵਹ ਧਾਵੈ॥*
*ਜੈਸਕ ਹੁਤੀ ਬੇਦ ਸਾਸਨਾ॥ ਨਿਕਸਾ ਤੈਸ ਰਾਮ ਕੀ ਰਸਨਾ॥੮੩॥*

ਦਸਤਾਰ ਸਿੱਖ ਦੀ ਆਨ ਅਤੇ ਸ਼ਾਨ ਦਾ ਪ੍ਰਤੀਕ ਸੀ ਪਰ ਜਦੋਂ ਰਾਜਨੀਤੀ ਦੂਸ਼ਿਤ ਹੋ ਜਾਏ ਅਤੇ *"ਰਾਜੇ ਸੀਹ ਮੁਕਦਮ ਕੁਤੇ॥"* (੧੨੮੮) ਹੋ ਜਾਣ ਤਾਂ ਫ਼ਿਰ ਰਾਜਨੀਤਕ, ਅਤੇ ਭੇਖੀ ਦੰਭੀ ਦੇਹਧਾਰੀ ਫ਼ਿਰਕੇ ਇਸ ਨੂੰ ਵੀ

ਵਰਤਣ ਅਤੇ ਗੰਧਲਾ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ। ਜਿੰਨੀਂ ਦੇਰ ਤੱਕ ਤਾਂ ਇਸ ਕੌਮੀ ਦਸਤਾਰ ਦੇ ਕਿਸੇ ਰੰਗ ਨੂੰ ਧਾਰਣ ਕਰਣ ਕਰ ਕੇ ਕੁਰਬਾਨੀ ਦੇਣੀ ਪੈਂਦੀ ਸੀ ਉਨੀਂ ਦੇਰ ਤਾਂ ਕੌਮੀ ਪਰਵਾਨਿਆਂ ਨੇ ਇਸ ਦੀ ਇੱਜ਼ਤ ਅਤੇ ਮਾਣ ਨੂੰ ਬਰਕਰਾਰ ਰਖਣ ਵਿਚ ਕੋਈ ਕਸਰ ਨਾ ਛੱਡੀ ਪਰ ਜਦੋਂ ਦਸਤਾਰ ਦੇ ਕਿਸੇ ਖਾਸ ਰੰਗ ਨਾਲ ਸਰਕਾਰੇ ਦਰਬਾਰੇ ਟੁੱਕੜ ਮਿਲਣੇ ਸ਼ੁਰੂ ਹੋਏ ਤਾਂ ਅਣਅਧਿਕਾਰਤ ਰਾਜਨੀਤਕ ਬਹੁਰੂਪੀਆਂ ਨੇ ਇਸ ਦੀ ਪਵਿੱਤਰਤਾ ਅਤੇ ਪਾਕੀਜ਼ਗੀ ਨੂੰ ਵਿਕਾਊ ਬਣਾ ਦਿੱਤਾ। ਕਦੇ ਕੇਸਰੀ, ਕਦੇ ਨੀਲੀ, ਕਦੇ ਚਿੱਟੀ ਅਤੇ ਕਦੇ ਲਾਲ ਅਤੇ ਕਈ ਵਾਰ ਤਾਂ ਇਹਨਾਂ ਸਾਰੇ ਰੰਗਾ ਦੇ ਬਾਅਦ ਦੇਹਧਾਰੀਆਂ ਵਾਲੀ ਗੋਲ ਪੱਗ ਧਾਰਨ ਕਰ ਕੇ ਇਹਨਾਂ ਨੇ ਆਪਣੀ ਅਸਲੀਅਤ ਜਗ ਜਾਹਿਰ ਕੀਤੀ ਹੈ। ਮਸ਼ਹੂਰ ਵਿਅੰਗਕਾਰ ਤਾਰਾ ਸਿੰਘ ਕਾਮਲ ਨੇ "ਗਲੀ ਦੇ ਕੁੱਤੇ ਦੀ ਅੱਖ ਵੀ ਸ਼ਰਮਾ ਗਈ। ਦਲ ਬਦਲੂਆਂ ਦੀ ਜਾਂ ਟੋਲੀ ਆ ਗਈ" ਕਹਿ ਕੇ ਇਹਨਾਂ ਨੂੰ ਚੰਗੀ ਤਰ੍ਹਾਂ ਭੰਡਿਆ ਹੈ। 'ਦਸਤਾਰ' ਦਾ ਰਾਜਨੀਤੀਕਰਨ ਕਰਨ ਵਾਲਿਆਂ ਬਾਰੇ ਕਾਮਲ ਨੇ ੧੯੭੧ ਵਿਚ ਸਹੀ ਚੋਟ ਕੀਤੀ ਸੀ,

ਕਲ੍ਹ ਇਕ ਪ੍ਰਾਣੀ ਮਿਲਾ 'ਨਾਥ' ਸੇ, ਜੋ ਮੰਤਰੀ ਥਾ ਕਲ੍ਹ ਕਾ,
ਹਮ ਨੇ ਪੂਛਾ, "ਕਬ ਬਾਂਧਾ ਹੈ ਸਾਫਾ ਯਿਹ ਮਲਮਲ ਕਾ?"
ਠੰਡੀ ਆਹ ਭਰੀ ਪੀੜਤ ਨੇ, ਬਹਾ ਆਂਖ ਸੇ ਨਲਕਾ।
ਕਹਾ - "ਨਾਥ ਜੀ ! ਕਿਆ ਪੂਛਤ ਹੋ ਹਾਲ ਹਮਾਰੇ ਦਲ ਕਾ"
ਗਈ ਵਜ਼ਾਰਤ, ਹਮ ਨੇ ਕੀਨਾ ਰੰਗ ਟਰਬਨ ਕਾ ਹਲਕਾ।
ਚੌੜ ਹੂਏ ਚਪੜਾਸੀ, ਜਬ ਸੇ ਸਾਥ ਛੂਟਾ ਬਾਦਲ ਕਾ।
ਝੰਡੀ ਵਾਲੀ ਕਾਰ ਨਹੀਂ ਹੈ, ਨਾ ਮਦਿਰਾ ਕਾ ਛਲਕਾ।
ਦਲ ਬਦਲੂ ਹੂੰ, "ਕਿਤ ਦਲ ਜਾਊਂ? ਮੰਦਾ ਹੈ ਹਰ ਦਲ ਕਾ।"

ਇਹ ਕੌਮ ਅਤੇ ਕੌਮੀ ਰਹਿਬਰਾਂ ਦੀ ਚੁੱਪ ਅਤੇ ਅਵੇਸਲਾ ਪਨ ਹੀ ਹੈ ਕਿ ਕੁਝ ਸਮਾਂ ਪਹਿਲਾਂ ਤੱਕ ਐਨ. ਸੀ. ਸੀ ਵਿਚ ਲੜਕੀਆਂ ਦੀ ਵਰਦੀ ਵਿਚ ਟੋਪੀ ਦੀ ਥਾਵੇਂ ਨਰਸਾਂ ਦੇ ਸਿਰ ਤੇ ਪਾਏ ਹੋਏ ਰਮਾਲ ਵਰਗਾ ਇਕ ਰੁਮਾਲ ਹੁੰਦਾ ਸੀ। ਪਰ ਹੁਣ ਸਿੱਖ ਲੜਕੀਆਂ ਦੀ ਵਰਦੀ ਵਿਚ ਟੋਪੀ ਸ਼ਾਮਲ ਕਰ ਦਿੱਤੀ ਗਈ ਹੈ।

ਦੀਵਾਰ ਕਿਆ ਗਿਰੀ ਮੇਰੇ ਕੱਚੇ ਮਕਾਨ ਕੀ
ਲੋਗੋਂ ਨੇ ਮੇਰੇ ਸਹਿਨ ਸੇ ਰਸਤੇ ਬਨਾ ਲੀਏ।

ਕੌਮੀ ਆਗੂਆਂ ਨੂੰ ਅਤੇ ਮਾਪਿਆਂ ਨੂੰ ਇਸ ਬਾਰੇ ਚੇਤੰਨ ਹੋਣਾ ਪਏਗਾ। ਇਹ ਹਾਲੇ ਸ਼ੁਰੂਆਤ ਹੀ ਹੈ। ਟੋਪੀ ਟੋਪੀ ਹੈ ਅਤੇ ਮਰਯਾਦਾ ਦੀ ਉਲੰਘਣਾ ਹੈ ਭਾਵੇਂ ਐਨ. ਸੀ. ਸੀ. ਦੀ ਹੋਵੇ ਤੇ ਭਾਵੇਂ ਬੱਚਿਆਂ ਨੂੰ ਪਾਏ ਗਏ ਉਨ ਦੇ ਟੋਪੇ।

ਆਜ਼ਾਦੀ ਤੋਂ ਕੁਝ ਸਮਾਂ ਬਾਅਦ ਹੀ ਕਿਸੇ ਫ਼ੌਜੀ ਅਫ਼ਸਰ ਨੇ ਆਪਣੇ ਕਮਾਂਡਿੰਗ ਅਫ਼ਸਰ ਤੋਂ ਇਜਾਜ਼ਤ ਮੰਗੀ ਕਿ ਉਸ ਨੂੰ ਧੁਪ ਲਗਦੀ ਹੈ ਸੋ ਪਗੜੀ ਦੇ ਅੱਗੇ ਛਜਾ ਜਿਹਾ (peak) ਲਗਾਉਣ ਦੀ ਇਜਾਜ਼ਤ ਦਿੱਤੀ ਜਾਏ।ਕਮਾਂਡਿੰਗ ਅਫ਼ਸਰ ਨੇ ਕਿਹਾ ਕਿ ਜਦ ਤੱਕ ਸ਼੍ਰੋਮਣੀ ਕਮੇਟੀ ਇਸ ਦੀ ਪ੍ਰਵਾਨਗੀ ਨਹੀਂ ਦਿੰਦੀ, ਇਹ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਗੁਰੂ ਦਾ ਇਹ ਸਿਰਪਾਉ ਬਹੁਤ ਕੀਮਤੀ ਹੈ। ਇਸ ਨੂੰ ਕਿਸੇ ਪਤਿਤ ਜਾਂ ਅਣਅਧਿਕਾਰਿਤ ਨੂੰ ਦੇਣਾ ਮਰਯਾਦਾ ਘੋਰ ਉਲੰਘਣਾ ਅਤੇ ਗੁਰੂ ਦੀ ਤੌਹੀਨ ਹੈ। ਤਖਤ ਸ੍ਰੀ ਕੇਸ ਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ ਨੇ ਮੁੱਖ ਮੰਤਰੀ, ਪੰਜਾਬ ਅਤੇ ਬਾਅਦ ਵਿਚ ਰਾਸ਼ਟਰਪਤੀ ਰਹਿ ਚੁਕੇ ਜ਼ੈਲ ਸਿੰਘ ਦੇ ਪਰਿਵਾਰਿਕ ਮੈਂਬਰ ਦਾ ਅਨੰਦ ਕਾਰਜ ਤਖਤ ਸਾਹਿਬ ਤੇ ਨਾ ਕਰਵਾ ਕੇ ਅਤੇ ਭਾਈ ਮੋਹਨ ਸਿੰਘ ਜੀ ਨੇ ਬਤੌਰੇ ਹੈਡ ਗ੍ਰੰਥੀ ਦਰਬਾਰ ਸਾਹਿਬ ਦੇ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੂੰ ਸਿਰਪਾਉ ਦੇਣ ਤੋਂ ਇਨਕਾਰ ਕਰ ਕੇ ਮਰਯਾਦਾ ਦੀ ਪਾਲਣਾ ਦਾ ਇਤਿਹਾਸਕ ਫ਼ਰਜ਼ ਪੂਰਾ ਕੀਤਾ।

ਪਰ ਦੂਸਰੇ ਪਾਸੇ ਪੰਥਕ ਸੰਸਥਾਵਾਂ ਵਲੋਂ ਜ਼ਾਹਿਰਾ ਤੌਰ ਤੇ ਸਿੱਖ ਰਹਿਤ ਮਰਯਾਦਾ ਦੀ ਸਪੱਸ਼ਟ ਉਲੰਘਣਾ ਕਰਨ ਵਾਲੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਮੰਤਰੀ ਦਾ ਸਨਮਾਨ ਅਤੇ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਜੀ ਵਲੋਂ ਪਤਿਤ ਨੂੰ ਸਿਰਪਾਉ ਦੇਣਾ ਮਰਯਾਦਾ ਅਤੇ ਗੁਰੂ ਦੀ ਇਸ ਬਖਸ਼ਿਸ਼ ਦੀ ਨਿਰਾਦਰੀ ਅਤੇ ਗਲਤ ਪੂਰਨੇ ਪਾਉਂਦਾ ਹੈ।

ਗਾਂਧੀ ਜੀ ਸ਼ੁਰੂ ਸ਼ੁਰੂ ਵਿਚ ਪਗੜੀ ਪਹਿਨਿਆ ਕਰਦੇ ਸਨ। ਅਫ਼ਰੀਕਾ ਦੀ ਇਕ ਅਦਾਲਤ ਵਿਚ ਗੋਰੇ ਜੱਜ ਨੇ ਅਦਾਲਤ ਵਿਚ ਆਪ ਨੂੰ ਪਗੜੀ ਉਤਾਰ ਕੇ ਪੇਸ਼ ਹੋਣ ਦਾ ਹੁਕਮ ਦਿੱਤਾ। ਗਾਂਧੀ ਜੀ ਇਹ ਹੁਕਮ ਮੰਨਣ ਦੀ ਬਜਾਇ ਅਦਾਲਤ ਚੋਂ ਹੀ ਬਾਹਰ ਚਲੇ ਗਏ। ਅਲਬੱਤਾ ਬਾਅਦ ਵਿਚ ਖੁਦ ਹੀ ਉਹਨਾਂ ਨੇ ਇਸ ਪਗੜੀ ਨੂੰ ਅਲਵਿਦਾ ਕਹਿ ਦਿੱਤਾ।

ਆਜ਼ਾਦੀ ਦੀ ਲੜਾਈ ਵਿਚ ਅੰਗਰੇਜ਼ਾਂ ਨੇ ਜੇਲਾਂ ਅੰਦਰ ਗੈਰ ਸਿੱਖ ਸਿਆਸੀ ਕੈਦੀਆਂ ਨੂੰ ਵੀ ਇਸ ਗਾਂਧੀ ਟੋਪੀ ਦੇ ਪਹਿਨਣ ਦੀ ਇਜਾਜ਼ਤ ਨਾ ਦਿੱਤੀ ਅਤੇ ਇਸ ਦੀ ਥਾਵੇਂ ਕੈਦੀਆਂ ਲਈ ਮੁਕੱਰਰ ਖਾਸ ਕਿਸਮ ਦੀ ਟੋਪੀ ਪਹਿਨਣ ਦਾ ਹੁਕਮ ਜਾਰੀ ਕਰ ਦਿੱਤਾ। ਅਕਾਲੀ ਆਗੂ ਬਾਬਾ ਖੜਕ ਸਿੰਘ ਜੀ

ਨੇ ਇਹਨਾਂ ਗਾਂਧੀ ਭਗਤਾਂ ਦੇ ਗਾਂਧੀ ਟੋਪੀ ਪਹਿਨਣ ਦੇ ਹੱਕ ਨੂੰ ਬਹਾਲ ਕਰਵਾਣ ਲਈ ਕਿੰਨੇ ਚਿਰ ਹੀ ਨੰਗੇ ਪਿੰਡੇ ਕੇਵਲ ਤੇੜ ਕਛਿਹਰੇ ਅਤੇ ਦਸਤਾਰ ਨਾਲ ਕੈਦ ਕੱਟੀ ਅਤੇ ਇਹ ਹੱਕ ਬਹਾਲ ਕਰਵਾਇਆ। ਪਰ ਕਿਤਨੀ ਤ੍ਰਾਸਦੀ ਹੈ ਕਿ ਅੱਜ ਸਿੱਖਾਂ ਨੂੰ ਖ਼ੁਦ ਹੀ ਇਸ ਹੈਲਮਟ ਤੋਂ ਖਲਾਸੀ ਲਈ ਹਾਲੇ ਤੱਕ ਜਦੋਜਹਿਦ ਕਰਨੀ ਪੈ ਰਹੀ ਹੈ।

ਗਾਂਧੀ ਜੀ ਖੁਦ ਵੀ ਟੋਪੀ ਨਹੀਂ ਸਨ ਪਹਿਨਦੇ ਪਰ ਕਾਂਗਰਸੀਆਂ ਦੀ ਟੋਪੀ ਦਾ ਨਾਮ ਗਾਂਧੀ ਟੋਪੀ ਪ੍ਰਚਲਤ ਹੋ ਗਿਆ ਹੈ। ਵਿਰਸੇ ਤੋਂ ਟੁੱਟੇ ਸਿੱਖ ਨੌਜਵਾਨ ਅਤੇ ਆਗੂ ਕੀ ਆਪਣੀ ਗਿਰਾਵਟ ਦੇ ਇਸ ਆਲਮ ਨਾਲ ਗੁਰੂ ਦੀ ਇਸ ਦਸਤਾਰ ਦਾ ਹਸ਼ਰ ਵੀ ਗਾਂਧੀ ਟੋਪੀ ਵਾਂਗ ਹੀ ਕਰਨਾ ਲੋਚਦੇ ਹਨ ਕਿ ਦਸਤਾਰ ਤਾਂ ਹੋਵੇ ਪਰ ਸਿੱਖ ਦੇ ਸਿਰ ਤੇ ਨਹੀਂ ਬਲਕਿ ਕਿਸੇ ਅਜਾਇਬ ਘਰ ਵਿਚ? ਇਸ ਨੂੰ ਦੇਖ ਕੇ ਲੋਕ ਕਹਿਣ ਕਿ ਯੇਹ ਪਗੜੀ ਹੈ ਜੋ ਸਿੱਖ ਪਹਨਾ ਕਰਤੇ ਥੇ। *"ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥"*(੭੨੬)

'ਸਿਰਦਾਰ' ਇਕ ਬੜਾ ਹੀ ਪਿਆਰਾ ਲਫ਼ਜ਼ ਹੈ। ਦਾਰ ਦਾ ਅਰਥ ਹੈ ਜੋ ਕਾਇਮ ਹੈ। ਜਿਵੇਂ ਇੱਜ਼ਤ ਦਾਰ, ਖ਼ੁਦ ਦਾਰ, ਵਫ਼ਾ ਦਾਰ ਆਦਿ। ਇਸੇ ਤਰ੍ਹਾਂ ਸਿਰਦਾਰ ਦਾ ਅਰਥ ਹੈ ਸਿਰ + ਦਾਰ, ਜਿਸ ਦਾ ਸਿਰ ਕਾਇਮ ਹੈ। ਕਲਗੀਧਰ ਪਿਤਾ ਨੇ ਅਕਾਲ ਪੁਰਖ ਨੂੰ ਵੀ ਸਿਰਦਾਰ ਕਹਿ ਕੇ ਮੁਖ਼ਾਤਬ ਕੀਤਾ ਹੈ,

*ਬੇਦ ਪੁਰਾਨ ਕੁਰਾਨ ਦੁਹੂ ਮਿਲਿ ਭਾਂਤ ਅਨੇਕ ਬਿਚਾਰ ਬਿਚਾਰਾ।*
*ਔਰ ਜਹਾਨ ਨਿਦਾਨ ਕਛੂ ਨਹਿ, ਏ ਸੁਬਹਾਨ ! ਤੁਹੀ ਸਿਰਦਾਰਾ।*

ਵੱਲਭ ਭਾਈ ਪਟੇਲ ਇਕ ਅਪਵਾਦ ਹੈ ਜਿਸਨੂੰ ਦੇਸ਼ ਦੀ ਕੀਤੀ ਮਹਾਨ ਸੇਵਾ ਲਈ ਸਰਦਾਰ ਦਾ ਖ਼ਿਤਾਬ ਮਿਲਿਆ ਹੈ। ਪਰ ਜਿਸ ਦੇ ਸਿਰ ਤੇ ਦਸਤਾਰ ਹੀ ਨਹੀਂ, ਜੇ ਉਸ ਦਾ ਸਿਰ ਤਬਲੇ ਵਰਗਾ ਹੋਵੇ ਤਾਂ ਦੁਨੀਆ ਉਸ ਨੂੰ ਸਿਰਦਾਰ ਨਹੀਂ ਕਹੇਗੀ। ਤਾਂ ਫ਼ਿਰ ਇਹ ਸਿਰ ਵਿਹੀਣ ਜੀਣਾ ਵੀ ਕੋਈ ਜੀਣਾ ਹੈ?

ਗਿਆਨੀ ਮਾਨ ਸਿੰਘ ਝੌਰ ਨੇ ਇਕ ਵਾਰ ਜ਼ਿਕਰ ਕੀਤਾ ਸੀ ਕਿ ਉਹਨਾਂ ਦੇ ਪਿੰਡ ਕਿਸੇ ਨਾਈ ਨੇ ਘਰ ਬੱਤੀਆਂ ਦੀ ਲੜੀ ਲਾਈ ਅਤੇ ਹਲਵਾਈ

ਬਿਠਾਇਆ। ਉਸਦੇ ਬੱਚੇ ਵੀ ਛੋਟੇ ਸਨ ਅਤੇ ਇਹ ਕਿਸ ਖੁਸ਼ੀ ਵਿਚ ਕੀਤਾ ਜਾ ਰਿਹਾ ਸੀ ਸੋ ਸਮਝ ਨਾ ਆਇਆ। ਆਖਰ ਪੁੱਛਣ ਤੇ ਪਤਾ ਲੱਗਾ ਕਿ ਉਸਦੇ ਮੁੰਡੇ ਦੀ ਸੁੰਨਤ ਹੈ ਤੇ ਉਸਨੇ ਤਿੰਨ ਸੌ ਰੁਪਏ ਉਧਾਰ ਫ਼ੜ੍ਹ ਕੇ ਇਹ ਪ੍ਰਬੰਧ ਕੀਤਾ ਸੀ। ਗਿਆਨੀ ਜੀ ਕਹਿੰਦੇ ਸਨ ਕਿ ਮੈਨੂੰ ਵੀ ਸੱਠ ਸਾਲ ਕਥਾ ਕਰਦਿਆਂ ਨੂੰ ਹੋ ਗਏ ਸਨ ਪਰ ਕਿਸੇ ਸਿੱਖ ਨੇ ਇਸ ਲਈ ਘਰ ਵਿਚ ਕੋਈ ਵਿਸ਼ੇਸ਼ ਸਮਾਗਮ ਨਹੀਂ ਰਚਿਆ ਕਿ ਉਸਦੇ ਮੁੰਡੇ ਨੇ ਅੰਮ੍ਰਿਤ ਪਾਨ ਕੀਤਾ ਹੈ।

ਇਸ ਵਾਰਤਾ ਦਾ ਇਕ ਅਹਿਮ ਪੱਖ ਇਹ ਵੀ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਸਾਰੇ ਹੀ ਭਗਤਾਂ ਨੇ ਬਾਰ ਬਾਰ ਆਪਣੇ ਦਸਤਾਰ ਧਾਰੀ ਹੋਣ ਅਤੇ ਵਾਹਿਗੁਰੂ ਦੇ ਦਸਤਾਰ ਵਾਲੇ ਸਰਗੁਣ ਸਰੂਪ ਦਾ ਵਰਣਨ ਕੀਤਾ ਹੈ। ਜਿਵੇਂ "*ਗਉੜੀ ਕਬੀਰ ਜੀ ॥ ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗ ॥੧॥*" *(੩੩੦)*, "*ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥ ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥*" *(੧੩੭੯)* ਅਤੇ ਨਾਮਦੇਵ ਜੀ: "*ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥*" *(੭੨੭)*। ਪਰ ਇਸ ਦੇ ਬਾਵਜੂਦ ਸਿੱਖ ਚਿੱਤਰਕਾਰਾਂ ਅਤੇ ਮਸੱਵਰਾਂ ਵੱਲੋਂ ਹੀ ਇਹਨਾਂ ਭਗਤਾਂ ਦੀਆਂ ਦਸਤਾਰ ਵਿਹੀਣ ਤਸਵੀਰਾਂ ਚਿਤਰਤ ਕਰਨੀਆਂ ਅਤੇ ਕੌਮ ਵੱਲੋਂ ਇਹਨਾਂ ਨੂੰ ਵੰਡਣਾ ਬੜੀ ਭਾਰੀ ਅਣਗਹਿਲੀ ਹੈ ਅਤੇ ਦਰੁਸਤਗੀ ਦੀ ਮੰਗ ਕਰਦੀ ਹੈ।

ਸੋ ਦਸਤਾਰ ਸਿੱਖ ਲਈ ਜ਼ਰੂਰੀ ਹੈ ਪਰ ਇਹ ਵੀ ਖਿਆਲ ਰੱਖਣ ਦੀ ਲੋੜ ਹੈ ਕਿ ਇਹ ਕੇਵਲ ਇਕ ਰਸਮ ਮਾਤਰ ਹੀ ਬਣ ਕੇ ਨਾ ਰਹਿ ਜਾਵੇ। ਜਿਵੇਂ 'ਦਸਤਾਰ ਬੰਦੀ' 'ਰਸਮ ਪਗੜੀ' ਦਾ ਹੀ ਦੂਸਰਾ ਨਾਮ ਹੈ। ਸਿੱਖ ਰਹਿਤ ਮਰਯਾਦਾ ਮੁਤਾਬਕ ਅੰਮ੍ਰਿਤ ਛਕਣਾ ਤਾਂ ਇਕ ਸੰਸਕਾਰ ਹੈ ਪਰ ਇਸ ਦਸਤਾਰ ਬੰਦੀ ਰਸਮ ਦਾ ਕਿਧਰੇ ਜ਼ਿਕਰ ਨਹੀਂ। ਮੁੰਡਨ ਦੀ ਦੇਖਾ ਦੇਖੀ ਹੀ ਅਤੇ ਉਸਦੇ ਮੁਕਾਬਲੇ ਵਿਚ ਹੀ ਇਹ ਦਸਤਾਰ ਬੰਦੀ ਨਾਮ ਦੀ ਨਵੀਂ ਰਸਮ ਇਸ ਸਦੀ ਦੀ ਦੇਣ ਹੈ। ਕਿਤਨੀ ਹੈਰਾਨੀ ਹੁੰਦੀ ਹੈ ਜਦੋਂ ਖੁਦ ਹੀ ਲੋਕ ਸੱਦਾ ਪੱਤਰ ਦੇ ਰਹੇ ਹੁੰਦੇ ਹਨ ਕਿ ਜੀ ਮੇਰੇ ਮੁੰਡੇ ਦੀ ਦਸਤਾਰ ਬੰਦੀ ਹੈ, ਤੁਸੀਂ ਜ਼ਰੂਰ ਦਰਸ਼ਨ ਦੇਣੇ। ਕਈ ਦਫ਼ਾ ਤਾਂ ਇੱਥੋਂ ਤੱਕ ਵੇਖਣ ਵਿਚ ਆਇਆ ਹੈ ਕਿ ਦਸਤਾਰ ਬੰਦੀ ਵਾਲੀ ਰਸਮ ਦੀ ਦਸਤਾਰ ਤਾਂ ਸਾਂਭ ਕੇ ਰੱਖੀ ਹੁੰਦੀ ਹੈ ਅਤੇ ਬਾਅਦ ਵਿਚ ਬੱਚੇ ਦੇ ਕੇਸ ਕਲਮ ਕਰਵਾ ਦਿੱਤੇ ਜਾਂਦੇ ਹਨ। ਜਿਸ ਦੇ ਅੰਦਰ ਸਿੱਖੀ ਹੋਏਗੀ, ਜੋ ਇਸ ਦਸਤਾਰ ਨੂੰ ਗੁਰ ਦੀ ਰਹਿਮਤ ਸਮਝੇਗਾ ਉਹ ਸੀਸ ਦੇ ਦਵੇਗਾ ਪਰ ਸਿਰਰ

ਸੋ ਦਸਤਾਰ ਦੇ ਢੰਗ ਤਾਂ ਵੱਖ਼ ਵੱਖ ਹੋ ਸਕਦੇ ਹਨ ਪਰ ਕਿਸੇ ਵੀ ਸਿੱਖ ਲਈ ਇਸ ਦਾ ਕੋਈ ਬਦਲ ਜਾਂ ਮਾਫ਼ੀ ਨਹੀਂ ਹੈ। ਇੱਥੋਂ ਤੱਕ ਕਿ ਸਹਿਜਧਾਰੀਆਂ ਲਈ ਵੀ ਦਸਤਾਰ ਬੰਨਣੀ ਲਾਜ਼ਮੀ ਹੈ। ਇਹ ਗੱਲ ਭਾਈ ਕਾਨ੍ਹ ਸਿੰਘ ਜੀ ਨਾਭਾ ਰਚਿਤ ਮਹਾਨ ਕੋਸ਼ ਵਿਚ ਦਿੱਤੀ ਵੱਖ ਵੱਖ ਸਿੱਖਾਂ ਸਣੇ ਦਸਤਾਰ ਧਾਰੀ ਸਹਿਜਧਾਰੀ ਸਿੱਖ ਦੀ ਤਸਵੀਰ ਤੋਂ ਭਲੀ ਭਾਂਤ ਵਿਦਤ ਹੈ।

ਇਹ ਦਸਤਾਰ ਇਸ ਸਰੀਰ ਰੂਪੀ ਹਰਿਮੰਦਿਰ ਦਾ ਸੁਨਹਿਰੀ ਗੁੰਬਦ ਹੈ । ਸੋ ਇਸ ਬਿਆਨ ਰਾਹੀਂ ਤੇਰੇ ਤੋਂ ਉਮੀਦ ਹੈ ਕਿ ਤੂੰ ਇਸ ਦਸਤਾਰ ਦੀ ਅਹਮੀਅਤ ਅਤੇ ਕੀਮਤ ਨੂੰ ਸਮਝ ਕੇ ਇਸਦੀ ਇੱਜ਼ਤ ਨੂੰ ਬਰਕਰਾਰ ਰੱਖੇਂਗਾ। ਅਤੇ ਗੁਰੂ ਕਿਰਪਾ ਕਰੇ ਕਿ ਇਹ ਦਸਤਾਰ ਸਿੱਖ ਦੀ ਆਨ ਅਤੇ ਸ਼ਾਨ ਦਾ ਪ੍ਰਤੀਕ ਬਣੇ, ਉਸਦੇ ਮਾਨ ਤੇ ਗੁਮਾਨ ਦਾ ਨਹੀਂ। ਕਿਉਂਕਿ ਇਹ ਦਸਤਾਰ ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਹਲੀਮੀ, ਗਰੀਬੀ ਅਤੇ ਮਿਸਕੀਨੀ ਦੀ ਕੀਮਤ ਅਦਾ ਕਰਕੇ ਕਰਤਾ ਪੁਰਖ ਤੋਂ ਹਾਸਲ ਕੀਤੀ ਹੈ। ਅਕਾਲ ਪੁਰਖ ਦੀ ਰਹਿਮਤ ਸਰੂਪ ਇਹ ਦਸਤਾਰ ਧਾਰਨ ਕਰ ਕੇ ਅਭਿਮਾਨ ਵਸ ਨਹੀਂ ਹੋਣਾ ਹੈ ਬਲਕਿ ਗੁਰਮੁਖਤਾਈ ਵਲ ਤੁਰਨਾ ਹੈ। *ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥੧॥ (੧੧੨੪)* ਸੋ ਹਰ ਗੁਰਸਿੱਖ ਨੂੰ ਇਸ ਦਸਤਾਰ ਦੀ ਅਹਿਮੀਅਤ ਅਤੇ ਪਵਿੱਤਰਤਾ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ ਪਰ ਨਾਲ ਹੀ ਇਹ ਵੀ ਖਿਆਲ ਰਖਣਾ ਚਾਹੀਦਾ ਹੈ ਕਿ ਆਪਣੇ ਆਪ ਨੂੰ ਇਸ ਦਾ ਸਹੀ ਅਧਿਕਾਰੀ ਬਣਾਉਣਾ ਚਾਹੀਦਾ ਹੈ। ਨਹੀਂ ਤਾ ਫ਼ਿਰ ਗੁਰਵਾਕ ਹੈ,

*ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥*
*ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥ ੩ ॥*
(ਗੁਰੂ ਗ੍ਰੰਥ ਸਾਹਿਬ ਪੰਨਾ: ੮੧੨)

---

ਗੁਰਚਰਨਜੀਤ ਸਿੰਘ ਲਾਂਬਾ
24, ਸ਼ਹੀਦ ਊਧਮ ਸਿੰਘ ਨਗਰ, ਜਲੰਧਰ 144 001
ਫੋਨ : +91-181-227665.
email : gslamba@vsnl.com

## ਸੰਦੇਸ਼

ਦਸ਼ਮੇਸ਼ ਪਿਤਾ ਦੀ ਮੇਹਰ ਸਦਕਾ ਸਿਖ ਕੌਮ ਦੀ ਵਿਲਖਨ ਹੋਂਦ ਸੰਸਾਰ ਭਰ ਦੇ ਵਿਰਸੇ ਚ ਸਭ ਤੋਂ ਜ਼ਿਆਦਾ ਸਤਕਾਰ ਦੀ ਹਕਦਾਰ ਹੈ, ਪੰਜ ਕਕਾਰਾਂ ਦੀ ਬਖਸ਼ਿਸ ਕਰਦਿਆਂ ਕਲਗੀਧਰ ਪਿਤਾ ਨੇ ਕੇਸਾਂ ਨੂੰ ਗੁਰੂ ਦੀ ਮੇਹਰ ਦੇ ਨਾਲ ਨਾਲ ਗੁਰੂ ਦੀ ਮੋਹਰ ਵੀ ਪਰਵਾਨ ਕਰ ਦਿਤਾ । ਅਜ ਦੇ ਸਮੇਂ ਵਿਚ ਮਨੁਖੀ ਸੁਭਾਅ ਦੀ ਕਮਜੋਰੀ ਜਾਂ ਸੁਖ ਰਹਿਨੀ ਆਦਤ ਨੇ ਕੇਸਾਂ ਦੀ ਵੇਅਦਬੀ ਦੇ ਪਾਪ ਨੂੰ ਆਪ ਮੁਹਾਰੇ ਹੀ ਅਪਨਾ ਲਿਆ ਹੈ । ਗੁਰੂ ਵਾਕ ਅਨੁਸਾਰ ਰਹਿਨੀ ਰਹੈ ਸੋਈ ਸਿਖ ਮੇਰਾ, ਕੇਸਾਂ ਦੀ ਸੰਭਾਲ ਨੂੰ ਸਿਖੀ ਜੀਵਨ ਦਾ ਮੁਡਲਾ ਸਿਧਾਂਤ ਮਨਿਆ ਗਿਆ ਹੈ । ਸਿਖੀ ਸਰੂਪ ਦੀ ਰਾਖੀ ਲਈ ਉਪਰਾਲੇ ਕਰਨ ਦਾ ਮਨੋਬਲ ਦਾਤਾ ਕੌਮ ਨੂੰ ਬਖਸ਼ੇ । ਅਕਾਲ ਪੁਰਖ ਅਗੇ ਕਰ ਜੋੜ ਅਰਦਾਸ ਹੈ ਸਤਿਗੁਰੂ ਸੱਚਾ ਪਾਤਸ਼ਾਹ ਸਿਖੀ ਜੀਵਨ ਦੀ ਦਾਤ ਬਖਸ਼ੇ ਤੇ ਕੇਸ ਸੰਭਾਲ ਪ੍ਰਚਾਰ ਸੰਸਥਾ ਨੂੰ ਇਹਨਾਂ ਸਿਧਾਂਤਾਂ ਤੇ ਪਹਿਰਾ ਦੇਣ ਦਾ ਬਲ ਬਖਸ਼ੇ ।

*Courtsy :*

**JAYSON CHEMICALS (INDIA)**

BASTI DANISHMANDAN, JALANDHAR.
PHONE : (O) 252372 (R) 204155

***Mfg. & Supplier of All Kinds of***
**Decorative and Industrial Paint**

**DR. R.S. CHHABRA**
**DR. RANU CHHABRA**

**CHHABRA HOSPITAL & MATERNITY HOME**

20/24 New Vijay Nagar,
Near Footbal Chowk, JALANDHAR.
PHONE : 202113, 254798



# ਕੇਸ ਸੰਭਾਲ ਪ੍ਰਚਾਰ ਸੰਸਥਾ

(ਜਲੰਧਰ ਯੂਨਿਟ ਵਲੋਂ)

ਸਿਦਕਵੀਰ ਸਿੰਘ ਛਾਬੜਾ ਅਤੇ ਐਡਵੋਕੇਟ ਦਿਲਜੀਤ ਸਿੰਘ ਛਾਬੜਾ
54-L ਮਾਡਲ ਟਾਊਨ, ਜਲੰਧਰ ਦਾ ਸਹਿਯੋਗ ਨਾਲ ਸੰਗਤਾਂ ਦੀ ਸੇਵਾ ਵਿਚ ।